**ਐਫ ਨੰਬਰ 14011/4/2017- ਐਚਆਰਡੀ**
**ਭਾਰਤੀ ਸਰਕਾਰ**
**ਇਲੈਕਟ੍ਰੋਨਿਕਸ ਅਤੇ ਸੂਚਨਾ ਤਕਨੀਕ ਦਾ ਮੰਤਰਾਲਾ (ਐਮਈਆਈਟੀਵਾਏ)**

**ਵਿਸ਼ਾ: ਪ੍ਰਧਾਨ ਮੰਤਰੀ ਗ੍ਰਾਮੀਣ ਡਿਜੀਟਲ ਸਕਸ਼ਾਰਤਾ ਅਭਿਆਨ ਦੇ ਲਈ ਦਿਸ਼ਾ ਨਿਰਦੇਸ਼ (ਪੀਐਮਜੀਡੀਆਈਐਸਐਚਏ)**

**1.0 ਸਕੀਮ ਦਾ ਨਾਮ:** ਪ੍ਰਧਾਨ ਮੰਤਰੀ ਗ੍ਰਾਮੀਣ ਡਿਜੀਟਲ ਸਕਸ਼ਾਰਤਾ ਅਭਿਆਨ (ਪੀਐਮਜੀਡੀਆਈਐਸਐਚਏ)

**2.0 ਡਿਜੀਟਲ ਸਾਖਰਤਾ ਦੀ ਪਰਿਭਾਸ਼ਾ:** "ਡਿਜੀਟਲ ਸਾਖਰਤਾ ਵਿਅਕਤੀਆਂ ਅਤੇ ਭਾਈਚਾਰੇ ਦੀ ਜੀਵਨ ਦੀ ਹਰ ਅਵਸਥਾ ਵਿਚ ਸਾਰਥਕ ਕੰਮਾਂ ਦੇ ਲਈ ਡਿਜੀਟਲ ਤਕਨੀਕਾਂ ਨੂੰ ਸਮਝਣ ਜਾਂ ਇਸਤੇਮਾਲ ਕਰਨ ਦੀ ਯੋਗਤਾ ਹੁੰਦੀ ਹੈ।"

**3.0 ਉਦੇਸ਼:**

ਪ੍ਰੋਗਰਾਮ ਦਾ ਮੁੱਖ ਉਦੇਸ਼ ਯੋਗਾ ਖੇਤਰਾਂ ਵਿਚ ਰਾਜਾਂ/ਯੂ ਟੀ ਦੇ ਪਾਰ ਛੇ ਕਰੋੜ ਲੋਕਾਂ ਨੂੰ ਡਿਜੀਟਲ ਸਾਖਰਤਾ ਪ੍ਰਦਾਨ ਕਰਨਾ ਹੈ, ਜਿਸ ਵਿਚੋਂ ਉਹ ਪਿੰਡਾਂ ਦੇ ਘਰਾਂ ਵਿਚ 40% ਤੱਕ ਹਰ ਇੱਕ ਯੋਗ ਘਰ ਵਿਚੋਂ ਇੱਕ ਸਦੱਸ ਨੂੰ ਸਾਖਰਤਾ ਪ੍ਰਦਾਨ ਕਰਕੇ ਪਹੁੰਚ ਚੁੱਕੇ ਹਨ।

ਸਕੀਮ ਦਾ ਉਦੇਸ਼ ਹੈ ਪੇਂਡੂ ਖੇਤਰਾਂ ਵਿਚ ਨਾਗਰਿਕਾਂ ਨੂੰ ਕੰਪਿਊਟਰਾਂ ਜਾਂ ਡਿਜੀਟਲ ਪਹੁੰਚ ਵਾਲੇ ਜੰਤਰਾਂ ਜਿਵੇਂ ਕਿ (ਟੈਬਲੇਟ, ਸਮਾਰਟ ਫੋਨ ਆਦਿ), ਈ ਮੇਲ ਨੂੰ ਭੇਜਣਾ ਅਤੇ ਪ੍ਰਾਪਤ ਕਰਨਾ, ਇੰਟਰਨੇਟ ਦਾ ਇਸਤੇਮਾਲ ਕਰਨਾ, ਸਰਕਾਰੀ ਸੇਵਾਵਾਂ ਦੀ ਪਹੁੰਚ ਪ੍ਰਾਪਤ ਕਰਨਾ, ਕੰਕਾਰੀ ਦੀ ਖੋਜ ਕਰਨਾ, ਡਿਜੀਟਲ ਭੁਗਤਾਨ ਕਰਨਾ ਆਦਿ ਦੀ ਸਿਖਲਾਈ ਪ੍ਰਦਾਨ ਕਰਕੇ ਕਾਬਲ ਬਣਾਉਣਾ ਹੈ ਅਤੇ ਜਿਸ ਨਾਲ ਉਹ ਜਾਣਕਾਰੀ ਤਕਨੀਕ ਅਤੇ ਸੰਬੰਧਤ ਐਪਲੀਕੇਸ਼ਨਾਂ ਖਾਸ ਤੌਰ ਤੇ ਡਿਜੀਟਲ ਭੁਗਤਾਨਾਂ ਦਾ ਇਸਤੇਮਾਲ ਕਰ ਸਕਣਗੇ ਤਾਂ ਜੋ ਦੇਸ਼ ਦੇ ਨਿਰਮਾਣ ਦੇ ਕੰਮ ਵਿਚ ਸਰਗਰਮੀ ਨਾਲ ਭਾਗ ਲਿਆ ਜਾ ਸਕੇ। ਇਸ ਲਈ ਸਕੀਮ ਦਾ ਉਦੇਸ਼ ਹੈ ਡਿਜੀਟਲ ਵੰਡ ਦਾ ਨਿਰਮਾਣ ਕਰਨਾ ਖਾਸ ਰੂਪ ਵਿਚ ਪੇਂਡੂ ਅਬਾਦੀ ਨੂੰ ਆਪਣਾ ਨਿਸ਼ਾਨਾ ਰੱਖ ਕੇ ਜਿਸ ਵਿਚ ਸਮਾਜ ਦੇ ਕਮਜ਼ੋਰ ਭਾਗ ਜਿਵੇਂ ਕਿ ਪਿਛੜੀ ਹੋਈਆਂ ਜਾਤਾਂ ( ਐਸ ਸੀ ), ਪਿੱਛੜੇ ਹੋਏ ਸਮਾਜਿਕ ਭਾਗ (ਐਸ ਟੀ), ਗਰੀਬੀ ਦੀ ਰੇਖੰ ਤੋਂ ਥੱਲੇ ਵਾਲੇ ਲੋਕ ( ਬੀ ਪੀ ਐਲ), ਮਹਿਲਾਵਾਂ, ਅਲੱਗ ਰੂਪ ਵਿਚ ਸਮਰੱਥ ਲੋਗ, ਸਮਾਜ ਵਿਚ ਘੱਟ ਗਿਣਤੀ ਵਿਚ ਮੌਜੂਦ ਹੋਣਾ ਵਾਲੇ ਲੋਕ।

**4.0 ਲਾਗੂ ਕਰਨ ਵਾਲੀ ਏਜੰਸੀ:**

ਇਲੈਕਟ੍ਰੋਨਿਕ ਅਤੇ ਜਾਣਕਾਰੀ ਤਕਨੀਕ ਦੀ ਸੰਪੂਰਨ ਨਿਗਰਾਨੀ ਦੇ ਅਧੀਨ ਰਾਜ ਦੀ ਸਰਕਾਰ ਆਏ ਯੂ ਟੀ ਪ੍ਰਸ਼ਾਸਨ ਦੇ ਸਹਿਯੋਗ ਦੇ ਨਾਲ ਇਹ ਸਕੀਮ ਨੂੰ ਸੀ ਐਸ ਸੀ- ਈ ਸਰਕਾਰ ਸੇਵਾਵਾਂ ਭਾਰਤੀ ਲਿਮਿਟਿਡ ਦੁਆਰਾ ਲਾਗੂ ਕੀਤਾ ਜਾਵੇਗਾ ਜੋ ਕਿ ਖਾਸ ਉਦੇਸ਼ ਲਈ ਵਾਹਨ ਹੈ (ਐਸ ਪੀ ਯੂ) ਜੋ ਕਿ ਕੰਪਨੀਜ਼ ਐਕਟ, 1956 ਦੇ ਅਧੀਨ ਜਾਰੀ ਕੀਤਾ ਗਿਆ ਹੈ (ਬਾਅਦ ਵਿਚ *ਸੀਐਸਸੀ- ਐਸਪੀਵੀ* ਕਿਹਾ ਗਿਆ ਹੈ)।

**5.0 ਅੰਤਰਾਲ:**

ਇਸ ਸਕੀਮ ਦਾ ਅੰਤਰਾਲ 31 ਮਾਰਚ 2019 ਤੱਕ ਹੈ।

**6.0 ਨਿਸ਼ਾਨੇ ਤੇ ਮੌਜੂਦ ਲਾਭਪਾਤਰੀ:**

- **ਯੋਗ ਪਰਿਵਾਰ:** ਪਰਿਵਾਰ ਇਕ ਅਜਿਹਾ ਯੂਨਿਟ ਹੈ ਜਿਸ ਵਿਚ ਪਰਿਵਾਰ ਦਾ ਮੁਖੀਆਂ, ਜੇਵਾਂ ਸਾਥੀ, ਬੱਚਾ ਅਤੇ ਮਾਤਾ ਪਿਤਾ ਸ਼ਾਮਲ ਹੁੰਦੇ ਹਨ। ਅਜਿਹੇ ਸਾਰੇ ਪਰਿਵਾਰ ਜਿਸ ਵਿਚ ਕੋਈ ਈ ਪਰਿਵਾਰ ਦਾ ਸਦੱਸ ਡਿਜੀਟਲ ਤੌਰ ਤੇ ਸਿੱਖਿਅਤ ਨਹੀਂ ਹੁੰਦਾ ਉਸ ਨੂੰ ਸਕੀਮ ਦੇ ਅਧੀਨ ਯੋਗ ਪਰਿਵਾਰ ਮੰਨਿਆ ਗਿਆ ਹੈ।
- **ਪ੍ਰਵੇਸ਼ ਕਸੌਟੀ**
  - i) ਲਾਭਪਾਤਰੀ ਡਿਜੀਟਲ ਰੂਪ ਵਿਚ ਅਸਿੱਖਿਅਤ ਹੋਣਾ ਚਾਹੀਦਾ ਹੈ
  - ii) ਪ੍ਰਤੀ ਪਰਿਵਾਰ ਕੇਵਲ ਇਕ ਯੋਗ ਵਿਅਕਤੀ ਨੂੰ ਸਿਖਲਾਈ ਲਈ ਧਿਆਨ ਵਿਚ ਲਿੱਤਾ ਜਾਵੇਗਾ
  - iii) ਉਮਰ ਦਾ ਗਰੁੱਪ: 14 - 60 ਸਾਲ
- ਪ੍ਰਾਥਮਿਕਤਾ ਨਿਮਨਲਿਖਿਤ ਨੂੰ ਦਿੱਤੀ ਜਾਵੇਗੀ
  - ਉਹ ਉਪਭੋਗੀ ਜਿਹਨਾਂ ਕੋਲ ਸਮਾਰਟ ਫੋਨ ਨਹੀਂ ਹਨ, ਅੰਤਯੋਦਿਆ ਪਰਿਵਾਰ, ਉਹ ਲੋਕ ਜਿਹਨਾਂ ਨੂੰ ਕਾਲੇਜ ਵਿਚੋਂ ਬਾਹਰ ਕੱਢ ਦਿੱਤਾ ਗਿਆ ਸੀ, ਬਾਲਗ ਸਿੱਖਿਅਤ ਮਿਸ਼ਨ ਦੇ ਉਮੀਦਵਾਰ
  - ਨੌਵੀਂ ਤੋਂ ਲੈਕੇ ਬਾਹਰਵੀਂ ਤੱਕ ਡਿਜੀਟਲ ਰੂਪ ਵਿਚ ਅਸਿੱਖਿਅਤ ਸਕੂਲ ਦੇ ਵਿਦਿਆਰਥੀਆਂ ਨੂੰ ਕੰਪਿਊਟਰ/ ਆਈ ਟੀ ਸਿਖਲਾਈ ਦੀ ਸਹੂਲੀਅਤ ਦਿੱਤੀ ਗਈ ਸੀ ਜੋ ਉਹਨਾਂ ਦੇ ਸਕੂਲਾਂ ਵਿਚ ਮੌਜੂਦ ਨਹੀਂ ਸੀ।

- ਪ੍ਰਾਥਮਿਕਤਾ ਐਸ ਸੀ, ਐਸ ਟੀ, ਬੀ ਪੀ ਐਲ, ਮਹਿਲਾਵਾਂ, ਅਲੱਗ ਰੂਪ ਵਿਚ ਸਮਰੱਥ ਲੋਕਾਂ ਅਤੇ ਘੱਟ ਗਿਣਤੀ ਵਿਚ ਮੌਜੂਦ ਲੋਕਾਂ ਨੂੰ ਦਿੱਤੀ ਜਾਵੇਗੀ
- ਡੀ ਈ ਜੀ ਐਸ, ਗਰਾਮ ਪੰਚਾਇਤ, ਅਤੇ ਬਲਾਕ ਵਿਕਾਸ ਅਫਸਰਾਂ ਦੇ ਸਰਗਰਮ ਸਹਿਯੋਗ ਦੇ ਨਾਲ ਇਹਨਾਂ ਲਾਭਪਾਤਰੀਆਂ ਦੀ ਪਹਿਚਾਨ ਸੀ ਐਸ ਸੀ- ਐਸ ਪੀ ਵੀ ਦੁਆਰਾ ਕੀਤੀ ਜਾਵੇਗੀ। ਇਹਨਾਂ ਲਾਭਪਾਤਰੀਆਂ ਦੀ ਸੂਚੀ ਸਕੀਮ ਦੇ ਪੋਰਟਲ ਦੇ ਮੌਜੂਦ ਹੋਵੇਗੀ।

## 7.0 ਪਿਛੋਕੜ:

ਸਰਕਾਰ ਨੇ ਇੱਕ ਉਤਸ਼ਾਹੀ ਉਦੇਸ਼ ਦੇ ਨਾਲ ਡਿਜੀਟਲ ਭਾਰਤ ਪ੍ਰੋਗਰਾਮ ਨੂੰ ਜਾਰੀ ਕੀਤਾ ਹੈ ਤਾਂ ਜੋ ਭਾਰਤ ਨੂੰ ਇੱਕ ਡਿਜੀਟਲ ਤੌਰ ਤੇ ਤਾਕਤੀ ਸਮਾਜ ਵਿਚ ਤਬਦੀਲ ਕੀਤਾ ਜਾ ਸਕੇ ਅਤੇ ਇਕ ਜਾਣਕਾਰੀ ਵਿਚ ਸੰਪੂਰਨ ਅਰਥ ਵਿਵਸਥਾ ਬਣਾਇਆ ਜਾ ਸਕੇ। ਪ੍ਰੋਗਰਾਮ ਨਾਗਰਿਕਾਂ ਨੂੰ ਵੱਖ ਵੱਖ ਈ ਸਰਕਾਰੀ ਪਹਿਲੂਆਂ ਦੇ ਨਾਲ ਜੋੜਾਂ ਦੇ ਲਈ ਕੰਮ ਕਰਦਾ ਹੈ, ਪਬਲਿਕ ਭਾਗੀਦਾਰੀ ਨੂੰ ਮਜਬੂਤੀ ਪ੍ਰਦਾਨ ਕਰਨ ਦੇ ਲਈ ਫੈਸਲੇ ਲੈਣ ਦੇ ਲਈ ਕੰਮ ਕਰਦਾ ਆਈ ਜਿਸ ਦੇ ਨਾਲ ਸਰਕਾਰ ਦੀ ਜਵਾਬਦੇਹੀ ਵਿਚ ਵਾਧਾ ਹੁੰਦਾ ਹੈ। ਡਿਜੀਟਲ ਭਾਰਤ ਪ੍ਰੋਗਰਾਮ ਦੀ ਸੰਭਾਵੀ ਯੋਗਤਾ ਦਾ ਅਹਿਸਾਸ ਉਦੋਂ ਹੀ ਹੋ ਸਕਦਾ ਹੈ ਜੇਕਰ ਹਰ ਨਾਗਰਿਕ ਨੂੰ ਬਿਨਾ ਉਸਦੇ ਸਥਾਨ ਅਤੇ ਸਮਾਜਿਕ ਪਿਛੋਕੜ ਨੂੰ ਜਾਣੇ ਬਿਨਾ ਯੋਗਤਾ ਦੀ ਪਹੁੰਚ ਅਤੇ ਲੀਵਰੇਜ ਡਿਜੀਟਲ ਸੇਵਾਵਾਂ/ਤਕਨੀਕਾਂਦੇ ਤਹਿਤ ਮੌਕੇ ਪ੍ਰਦਾਨ ਕੀਤੇ ਜਾਣ। ਦੇਸ਼ ਦੇ ਪਾਰ ਯੂਨੀਵਰਸਲ ਡਿਜੀਟਲ ਸਾਖਰਤਾ ਵਿਚ ਪੇਂਡੂ ਭਾਰਤ ਵੀ ਸ਼ਾਮਲ ਹੈ ਜੋ ਕਿ ਪਹਿਲੂਆਂ ਦੀ ਸਫਲਤਾ ਦੇ ਲਈ ਇਕ ਮਹੱਤਵਪੂਰਨ ਭਾਗ ਹੈ।

ਸਰਕਾਰ ਨੇ ਨਾਗਰਿਕਾਂ ਨੂੰ ਡਿਜੀਟਲ ਸਾਖਰਤਾ ਪ੍ਰਦਾਨ ਕਰਨ ਦੇ ਲਈ ਦੋ ਸਕੀਮ ਨੂੰ ਜਾਰੀ ਕੀਤਾ ਸੀ ਉਹ ਹਨ ਰਾਹਸਟਰੀ ਡਿਜੀਟਲ ਸਾਖਰਤਾ ਮਿਸ਼ਨ ( ਐਨ ਡੀ ਐਲ ਐਮ ) ਅਤੇ ਡਿਜੀਟਲ ਸਾਖਰਤਾ ਅਭਿਆਨ ( ਡੀ ਆਈ ਐਸ ਐਚ ਏ ) ਜੋ ਕਿ ਸੀਐਸਸੀ ਏ ਸਰਕਾਰੀ ਸੇਵਾਵਾਂ ਭਾਰਤੀ ਲਿਮਿਟਿਡ, ਜੋ ਕਿ ਖਾਸ ਉਦੇਸ਼ ਦੇ ਲਈ ਵਾਹਨ ਹੈ ਉਡ ਦੁਆਰਾ ਜਾਰੀ ਕੀਤੀ ਗਈ ਸੀ (ਸੀਐਸੀ-ਐਸਪੀਵੀ (ਇੱਕ ਪਬਲਿਕ ਲਿਮਿਟਿਡ ਕੰਪਨੀ ਜਿਸ ਦਾ ਨਿਰਮਾਣ ਕੰਪਨੀਜ਼ ਐਕਟ,੧੯੫੬ ਦੇ ਅਧੀਨ ਹੋਇਆ ਹੈ)। ੫੨.੫ ਲੱਖ ਮਨਜ਼ੂਰ ਅਤੇ ਪ੍ਰਮਾਣਿਤ ਕੀਤੇ ਗਏ ਲਾਭਪਾਤਰੀਆਂ ਨੂੰ ਡਿਜੀਟਲ ਸਾਖਰਤਾ ਪ੍ਰਦਾਨ ਕਰਨ ਦੇ ਸਮੂਹਿਕ ਟੀਚੇ ਨੂੰ ਦਿਸੰਬਰ ੨੦੧੬ ਵਿਚ ਪ੍ਰਾਪਤ ਕੀਤਾ ਗਿਆ ਸੀ, ਬਲਕਿ ਜਿਸਦਾ ਸਮੇਂ ਦਿਸੰਬਰ ੨੦੧੮ ਤੱਕ ਦਿੱਤਾ ਗਿਆ ਸੀ।

ਮਾਣਯੋਗ ਵਿੱਤ ਮੰਤਰੀ ਨੇ ਯੂਨੀਅਨ ਬਜਟ,੨੦੧੬-੧੭ ਦਾ ਐਲਾਨ ਕਰਦੇ ਸਮੇਂ ਬਾਕੀਆਂ ਚੀਜ਼ੋਂ ਦੇ ਵਿਚ ਨਿਮਨਲਿਖਿਤ ਦਾ ਐਲਾਨ ਕੀਤਾ ਸੀ:

**“ ਆਪਣੇ ਭੂਗੋਲਿਕ ਲਾਭਾਂ ਤੋਂ ਅਸੀ ਵੱਡੇ ਲਾਭਾਂ ਦੀ ਪ੍ਰਾਪਤੀ ਕਰਨੀ ਹੈ। ਅਸੀ ਪੇਂਡੂ ਭਾਰਤ ਵਿਚ ਡਿਜੀਟਲ ਸਾਖਰਤਾ ਫੈਲਾਉਣੀ ਹੈ। 16.8 ਪੇਂਡੂ ਪਰਿਵਾਰਾਂ ਵਿਚੋਂ, 12 ਕਰੋੜ ਪਰਿਵਾਰਾਂ ਵਿਚ ਕੰਪਿਊਟਰ ਮੌਜੂਦ ਨਹੀ ਹੈ ਅਤੇ ਨਾ ਹੀ ਡਿਜੀਟਲ ਰੂਪ ਵਿਚ ਸਿੱਖਿਅਤ ਲੋਕ ਮੌਜੂਦ ਹਨ। ਡਿਜੀਟਲ ਸਾਖਰਤਾ ਨੂੰ ਫੈਲਾਉਣ ਦੇ ਲਈ ਅਸੀ ਦੋ ਸਕੀਮਾਂ ਨੂੰ ਜਾਰੀ ਕੀਤਾ ਹੈ: ਰਾਹਸਟਰੀ ਡਿਜੀਟਲ ਸਾਖਰਤਾ ਮਿਸ਼ਨ ਅਤੇ ਡਿਜੀਟਲ ਸਾਖਰਤਾ ਅਭਿਆਨ। ਅਸੀਂ ਹੁਣ ਪੇਂਡੂ ਭਾਰਤ ਦੇ ਲਈ ਇਕ ਨਵੇਂ ਡਿਜੀਟਲ ਸਾਖਰਤਾ ਮਿਸ਼ਨ ਨੂੰ ਜਾਰੀ ਕਰਨ ਦੀ ਯੋਜਨਾ ਦਾ ਨਿਰਮਾਣ ਕਰ ਰਹੇ ਹਾਂ ਤਾਂ ਜੋ ੬ ਕਰੋੜ ਹੋਰ ਪਰਿਵਾਰ ਅਗਲੇ ਟੀਨ ਸਾਲਾਂ ਦੇ ਵਿਚ ਕਵਰ ਕੀਤੇ ਜਾ ਸਕਣ। ਇਸ ਸਕੀਮ ਦੇ ਵੇਰਵੇ ਵੱਖ ਤੌਰ ਤੇ ਦੱਸੇ ਜਾਣਗੇ। ”**

ਵਰਤਮਾਨ ਸਕੀਮ ਉੱਤੇ ਦਿੱਤੇ ਗਏ ਮਾਣਯੋਗ ਵਿੱਤ ਮੰਤਰੀ ਦੇ ਬਜਟ ਦੇ ਐਲਾਨ ਦੇ ਫਾਲੋ ਅਪ ਦੇ ਤਹਿਤ ਡਿਜ਼ਾਈਨ ਕੀਤੀ ਗਈ ਹੈ।

ਡਿਜੀਟਲ ਸਾਖਰਤਾ ਇਕ ਤਾਕਤੀ ਸਮਾਜ ਦੇ ਨਿਰਮਾਣ ਦੇ ਲਈ ਸਰਕਾਰ ਦੀ ਨਜ਼ਰ ਦਾ ਮਹੱਤਵਪੂਰਨ ਭਾਗ ਹੈ ਜੋ ਕਿ ਡਿਜੀਟਲ ਭਾਰਤ ਪਹਿਲੂ ਦੇ ਅਧੀਨ ਮੰਨਿਆ ਗਿਆ ਹੈ। ਡਿਜੀਟਲ ਸਾਖਰਤਾ ਦੇ ਖਾਸ ਤੌਰ ਤੇ ਪੇਂਡੂ ਭਾਰਤ ਵਿਚ ਸਪਿਨ ਆਫ ਪ੍ਰਭਾਵ ਬਹੁਤ ਸਾਰੇ ਸਮਾਜਿਕ ਅਤੇ ਆਰਥਿਕ ਮੁੱਦਿਆਂ ਦੇ ਬਾਰੇ ਜਾਣਕਾਰੀ ਦਵੇਗਾ। ਡਿਜੀਟਲ ਸਾਖਰਤਾ ਪੇਂਡੂ ਅਬਾਦੀ ਦੇ ਰੋਜ਼ ਦੇ ਜੀਵਨ ਵਿਚ ਆਈ ਸੀ ਟੀ ਦੇ ਲਾਭਾਂ ਨੂੰ ਦੱਸੇਗਾ ਖਾਸ ਤੌਰ ਤੇ ਸਿਹਤ ਦੀ ਦੇਖਭਾਲ, ਰੁਜ਼ਗਾਰ ਦੇ ਨਿਰਮਾਣ ਅਤੇ ਸਿੱਖਿਆ ਦੇ ਵਿਚ।

ਇਸ ਦੇ ਅੱਗੇ, ਕਿਉਂਕਿ ਸਰਕਾਰ ਦਾ ਜ਼ੋਰ ਮੋਬਾਈਲ ਫੋਨਾਂ ਦੁਆਰਾ ਬਿਨਾ ਕੈਸ਼ ਤੋਂ ਲੈਣ ਦੇਣ ਕਰਨ ਤੇ ਹੈ, ਕੋਰਸ ਦੀ ਜਾਣਕਾਰੀ ਦਾ ਜ਼ੋਰ ਵੀ ਇਲੈਕਟ੍ਰੋਨਿਕ ਭੁਗਤਾਨ ਸਿਸਟਮ ਦੇ ਲਈ ਡਿਜੀਟਲ ਆਰਥਿਕ ਟੂਲਾਂ ਦੇ ਉੱਤੇ ਹੋਵੇਗਾ।

## 8.0 ਸਕੀਮ ਦੀ ਕਵਰੇਜ

ਸਕੀਮ ਕੇਵਲ ਦੇਸ਼ ਦੇ ਪੇਂਡੂ ਇਲਾਕਿਆਂ ਦੇ ਲਈ ਲਾਗੂ ਕੀਤੀ ਗਈ ਹੈ। ਦੇਸ਼ ਵਿਚ ਸਕੀਮ ਨੂੰ ਕੁਸ਼ਲ ਰੂਪ ਵਿਚ ਜਾਰੀ ਕਰਨ ਦੇ ਲਈ, ਰਾਜਾਂ.ਯੂਟੀ ਦੇ ਤਹਿਤ ਸੂਚਿਤ ਪ੍ਰੋ ਰਾਟਾ ਤੇ ਅਧਾਰਿਤ ਟੀਚੇ ਅਨੁਬੰਧੀ ਵਿਚ ਦਿੱਤੇ ਗਏ ਵਰਵੇਆਂ ਦੇ ਜਿਸਬ ਨਾਲ ਔਸਤ ਗਿਣਤੀ ਵਿਚ ਪੇਂਡੂ ਪਰਿਵਾਰਾਂ ਦੀ ਮੌਜੂਦਗੀ ਤੇ ਅਧਾਰਿਤ ਹੈ। ਪ੍ਰਤੀ ਰਾਜ/ਯੂਟੀ ਦੱਸੇ ਗਏ ਟੀਚੇ ਕੇਵਲ ਸੂਚਿਤ ਕੀਤੇ ਗਏ ਹਨ ਅਤੇ ਰਾਜਾਂ/ਯੂ ਟੀ ਦੇ ਲਈ ਉੱਚੇ ਟੀਚਿਆਂ ਦੇ ਲਈ ਉਹਨਾਂ ਦੀ ਕਾਰਜਸ਼ੀਲਤਾ ਦੇ ਅਨੁਸਾਰ ਲਚਕਤਾ ਮੌਜੂਦ ਹੋਵੇਗੀ। ਪੰਚਾਇਤ ਜੋ ਸ਼ਹਿਰੀ ਗੁੱਛਮ ਸੰਕਲਨ ਦੇ ਭਾਗ ਹਨ ਉਹ ਸਕੀਮ ਵਿਚੋਂ ਬਾਹਰ ਕੱਢ ਦਿੱਤੇ ਜਾਣਗੇ। ਅਜਿਹੀਆਂ ਪੰਚਾਇਤਾਂ ਉਦਯੋਗਾਂ/ਸੰਸਥਾਵਾਂ ਦੀਆਂ ਸੀਐਸਰ ਗਤੀਵਿਧੀਆਂ ਦੇ ਅਧੀਨ ਕਵਰ ਕੀਤੀਆਂ ਜਾਣਗੀਆਂ।

ਹਰ 2.50 ਲੱਖ ਗ੍ਰਾਮ ਪੰਚਾਇਤਾਂ ਦੇ ਲਈ ਦੇਸ਼ ਵਿਚ ਸਮਾਨ ਭੂਗੋਲਿਕ ਕਵਰੇਜ ਸੁਨਿਸਚਿਤ ਕਰਨ ਦੇ ਲਈ, ਇਕ ਗ੍ਰਾਮ ਪੰਚਾਇਤ ਕੇਂਦਰਿਤ ਪਹੁੰਚ ਦਿੱਤੇ ਗਏ ਅਤੇ ਨਿਗਰਾਨੀ ਹੇਠਾਂ ਰਾਖੇ ਗਏ ਟੀਚਿਆਂ ਦੇ ਨਾਲ ਅਪਨਾਈ ਜਾਵੇਗੀ। ਔਸਤ ਰੂਪ ਵਿਚ ਪ੍ਰਤੀ ਗ੍ਰਾਮ ਪੰਚਾਇਤ 200-300

ਲਾਭਪਾਤਰੀਆਂ ਦਾ ਟੀਚਾ ਮੰਨਿਆ ਗਿਆ ਹੈ। ਗ੍ਰਾਮ ਪੰਚਾਇਤ ਦੇ ਅਸਲ ਟੀਚਾ ਜਿਲ੍ਹੇ ਦੇ ਈ ਸਰਕਾਰੀ ਸਮਾਜ (ਡੀ ਈ ਜੀ ਐਸ )ਦੁਆਰਾ ਨਿਸਚਿਤ ਕੀਤਾ ਜਾਵੇਗਾ ਜਿਸ ਦੀ ਪ੍ਰਧਾਨਗੀ ਜਿਲ੍ਹੇ ਦੇ ਮੈਜਿਸਟਰੇਟ ਦੁਆਰਾ ਕੀਤੀ ਗਈ ਹੈ ਅਤੇ ਇਸਦੇ ਨਾਲ ਹੀ ਜਿਲ੍ਹੇ, ਅਬਾਦੀ ਅਤੇ ਸਥਾਨਕ ਜ਼ਰੂਰਤਾਂ ਦੇ ਕਰ ਨੂੰ ਧਿਆਨ ਵਿਚ ਰੱਖਿਆ ਜਾਵੇਗਾ ਆਦਿ। ਪ੍ਰਧਾਨ ਮੰਤਰੀ ਆਦਰਸ਼ ਗ੍ਰਾਮ ਯੋਜਨਾ ਦੇ ਅਧੀਨ ਪਿੰਡਾਂ ਵਿਚ ਸੰਪੂਰਨ ਡਿਜੀਟਲ ਸਾਖਰਤਾ ਪ੍ਰਦਾਨ ਕਰਨ ਦੇ ਲਈ ਕੋਸ਼ਿਸ਼ਾਂ ਕੀਤੀਆਂ ਜਾਣਗੀਆਂ।

## 9.0 ਵਿਸਤ੍ਰਿਤ ਤਾਮੀਲ ਫਰੇਮਵਰਕ

ਐਮ ਈ ਆਈ ਟੀ ਵਾਏ ਯੋਗ ਪਾਲਿਸੀ ਸਹਿਯੋਗ ਪ੍ਰਦਾਨ ਕਰੇਗਾ ਅਤੇ ਕੇਂਦਰੀ ਸਤਰ ਤੇ ਸਕੀਮ ਦੇ ਵਿਕਾਸ ਦੀ ਨਿਗਰਾਨੀ ਰੱਖੇਗਾ। ਸੀਐਸਸੀ-ਐਸਪੀਵੀ ਰਾਜ ਦੀ ਸਰਕਾਰ/ਯੂਟੀ ਪ੍ਰਸ਼ਾਸਨ ਦੇ ਸਰਗਰਮ ਸਹਿਯੋਗ ਦੇ ਨਾਲ ਕੰਮ ਕਰੇਗਾ ਤਾਂ ਜੋਅਨੁਸਾਰੀ ਰਾਜ/ਯੂ ਟੀ ਵਿਚ ਸਕੀਮ ਨੂੰ ਬਿਨਾ ਕਿਸੇ ਮੁਸ਼ਕਲ ਦੇ ਜਾਰੀ ਕੀਤਾ ਜਾ ਸਕੇ। ਜਿਲ੍ਹੇ ਦਾ ਈ ਸਰਕਾਰੀ ਸਮਾਜ ( ਡੀ ਈ ਜੀ ਐਸ ) ਜਿਲ੍ਹੇ ਦੇ ਮੈਜਿਸਟਰੇਟ/ਜਿਲ੍ਹੇ ਦੇ ਕੁਲੈਕਟਰ ਦੀ ਪ੍ਰਧਾਨਗੀ ਦੇ ਅਧੀਨ ਹੈ ਅਤੇ ਇਹ ਅਖੀਰਲੇ ਮੀਲ ਦੀ ਤਾਮੀਲ ਅਤੇ ਪੀ ਐਮ ਜੀ ਡੀ ਆਈ ਐਸ ਐਚ ਏ ਸਕੀਮ ਦੀ ਨਿਗਰਾਨੀ ਦੀ ਅਹਿਮ ਭੂਮਿਕਾ ਨਿਭਾਏਗਾ। ਇਸ ਸਕੀਮ ਦੀ ਜ਼ਮੀਨੀ ਸਤਰ ਤਾਮੀਲ ਸਿਖਲਾਈ ਪ੍ਰਦਾਨ ਕਰਨ ਵਾਲੇ ਭਾਗੀਦਾਰਾਂ/ਕੇਂਦਰਾਂ ਦੇ ਸੁਮੇਲ ਦੁਆਰਾ ਕੀਤੀ ਜਾਵੇਗੀ ਜਿਸ ਵਿਚ ਸੀ ਐਸ ਸੀ ਸ਼ਾਮਲ ਹੈ ਜੋ ਕਿ ਵਿਧੀਵੱਧ ਸੀ ਐਸਸੀ-ਐਸਪੀਵੀ ਦੇ ਨਾਲ ਐਫੀਲੀਏਟ ਕੀਤਾ ਗਿਆ ਹੈ। ਲਾਗੂ ਕਰਨ ਦੇ ਫਰੇਮਵਰਕ ਦੀਆਂ ਮੁੱਖ ਵਿਸ਼ੇਸ਼ਤਾਵਾਂ ਅੱਗੇ ਦਿਤੇ ਗਏ ਭਾਗਾਂ ਵਿਚ ਦਿੱਤੀਆਂ ਗਈਆਂ ਹਨ।

**9.1** ਸਕੀਮ ਨੂੰ ਐਫੀਲੀਏਟ ਹੋਏ ਸਿਖਲਾਈ ਪ੍ਰਦਾਨ ਕਰਨ ਵਾਲੇ ਭਾਗੀਦਾਰਾਂ/ਸਿਖਲਾਈ ਪ੍ਰਦਾਨ ਕਰਨ ਵਾਲੇ ਕੇਂਦਰਾਂ ਦੁਆਰਾ ਜਾਰੀ ਕੀਤਾ ਜਾਵੇਗਾ ਜਿਵੇਂ ਕਿ ਐਨ ਡੀ ਐਲ ਐਮ/ ਡੀ ਆਈ ਐਸ ਐਚ ਏ ਸਕੀਮ ਵਿਚ ਕੀਤਾ ਗਿਆ ਸੀ। ਪੂਰੇ ਦੇਸ਼ ਵਿਚ ਸਿਖਲਾਈ ਪ੍ਰਦਾਨ ਕਰਨ ਵਾਲੇ ਭਾਗੀਦਾਰਾਂ ਦੀ ਗਿਣਤੀ ਨੂੰ 2500
ਤੱਕ ਅਤੇ ਸਿਖਲਾਈ ਪ੍ਰਦਾਨ ਕਰਨ ਵਾਲੇ ਕੇਂਦਰਾਂ ਦੀ ਗਿਣਤੀ ਨੂੰ 2.5 ਲੱਖ ਤੱਕ ਵਧਾਉਣ ਦੇ ਲਈ ਕੋਸ਼ਿਸ਼ਾਂ ਕੀਤੀਆਂ ਜਾਣਗੀਆਂ (ਜਿਸ ਵਿਚ ਸੀ ਐਸ ਸੀ ਵੀ ਸ਼ਾਮਲ ਹੈ )। ਇਸ ਦੇ ਅਨੁਸਾਰ ਡਿਜੀਟਲ ਸਾਖਰਤਾ ਦੀ ਭੌਤਿਕ ਡਿਲਿਵਰੀ ਵੱਖ ਵੱਖ ਸਿਖਲਾਈ ਪ੍ਰਦਾਨ ਕਰਨ ਵਾਲੇ ਭਾਗੀਦਾਰਾਂ/ਕੇਂਦਰਾਂ ਦੁਆਰਾ ਕੀਤੀ ਜਾਵੇਗੀ ਜੋ ਕਿ ਸੀਐਸੀ-ਐਸਪੀਵੀ ਦੇ ਨਾਲ ਮਨਜ਼ੂਰ ਕੀਤੇ ਗਏ ਨਿਯਮਾਂ ਅਨੁਸਾਰ ਵਿਧੀਵੱਧ ਰਜਿਸਟਰ ਕੀਤਾ ਗਿਆ ਹੈ। ਇਸ ਵਿਚ ਸੀ ਐਸ ਸੀ, ਐਨ ਈ ਆਈ ਐਲ ਆਈ ਟੀ ਕੇਂਦਰ/ਮਨਜ਼ੂਰ ਕੀਤੇ ਗਏ ਕੇਂਦਰ/ ਬਾਲਗ ਸਾਖਰਤਾ ਪ੍ਰਦਾਨ ਕਰਨ ਵਾਲੇ ਕੇਂਦਰ/ਸਕੂਲ ਜੋ ਕਿ ਐਮ ਐਚ ਆਰ ਡੀ ਸਕੀਮ ਦੇ ਅਧੀਨ ਆਈ ਸੀ ਟੀ ਦੀ ਤਾਮੀਲ ਕਰ ਰਹੇ ਹਨ, ਆਈ ਜੀ ਐਨ ਓ ਯੂ ਕੇਂਦਰ, ਆਈ ਟੀ ਸਾਖਰਤਾ ਵਿਚ ਸ਼ਾਮਲ ਐਨ ਜੀ ਓ, ਪੇਂਡੂ ਨਿੱਜ ਰੁਜ਼ਗਾਰ ਦੀ ਸਿਖਲਾਈ ਪ੍ਰਦਾਨ ਕਰਨ ਵਾਲਿਆਂ ਸੰਸਥਾਵਾਂ, ਉਦਯੋਗ ਵਿਚ ਸ਼ਾਮਲ ਭਾਗੀਦਾਰ, ਸੀ ਐਸ ਆਰ ਦੇ ਪ੍ਰਬੰਧਾਂ ਦੇ ਨਾਲ ਕੰਪਨੀਆਂ ਆਦਿ।

**9.2** ਸਿਖਲਾਈ ਪ੍ਰਦਾਨ ਕਰਨ ਵਾਲੇ ਭਾਗੀਦਾਰਾਂ/ਸਿਖਲਾਈ ਪ੍ਰਦਾਨ ਕਰਨ ਵਾਲੇ ਕੇਂਦਰਾਂ ਨੂੰ ਪ੍ਰਾਥਮਿਕ ਰੂਪ ਵਿਚ ਸਮਾਨ ਰਾਜ ਵਿਚ ਅਪਰੇਸ਼ਨ ਅਤੇ ਟੀਚੇ ਦੇ ਖਾਸ ਖੇਤਰ ਦਾ ਕੰਮ ਦਿੱਤਾ ਜਾਵੇਗਾ। ਸਿਖਲਾਈ ਪ੍ਰਦਾਨ ਕਰਨ ਵਾਲੇ ਭਾਗੀਦਾਰਾਂ/ਸਿਖਲਾਈ ਪ੍ਰਦਾਨ ਕਰਨ ਵਾਲੇ ਕੇਂਦਰਾਂ ਕੋਲ ਸੀਐਸਸੀ-ਐਸਪੀਵੀ ਦੁਆਰਾ ਸੂਚਿਤ ਨਿਯਮਾਂ ਦੇ ਅਨੁਸਾਰ ਸਿਖਲਾਈ ਦੇਣ ਦੇ ਲਈ ਬੁਨਿਆਦੀ ਸਹੂਲਤਾਂ ਹੋਣੀਆਂ ਚਾਹੀਦੀਆਂ ਹਨ।

### 9.3 ਸਿਖਲਾਈ ਪ੍ਰਦਾਨ ਕਰਨ ਵਾਲਾ ਭਾਗੀਦਾਰ:

ਸਕੀਮ ਐਫੀਲੀਏਟ ਹੋਏ ਇੰਦਰਾਜਾਂ ਜਿਵੇਂ ਕਿ ਐਨ ਜੀ ਓ/ ਕਾਰਪੋਰੇਟ/ ਡਿਜੀਟਲ ਸਾਖਰਤਾ ਪ੍ਰਦਾਨ ਕਰਨ ਵਾਲੇ ਦਿਲਚਸਪ ਗਰੁੱਪਾਂ ਨੂੰ ਸੀਐਸੀ-ਐਸਪੀਵੀ ਦੇ ਨਾਲ ਸੰਬੰਧਤ ਸਿਖਲਾਈ ਪ੍ਰਦਾਨ ਕਰਨ ਵਾਲੇ ਭਾਗੀਦਾਰਾਂ ਦੇ ਰੂਪ ਜਾਰੀ ਕੀਤੇ ਗਏ ਨਿਯਮਾਂ ਅਨੁਸਾਰ ਵਿਚ ਮੰਨਦੀ ਹੈ। ਸੂਚਿਤ ਨਿਯਮ ਨਿਮਨਲਿਖਿਤ ਹਨ:-

- ਸਿਖਲਾਈ ਪ੍ਰਦਾਨ ਕਰਨ ਵਾਲਾ ਭਾਗੀਦਾਰ ਭਾਰਤ ਵਿਚ ਰਜਿਸਟਰਡ ਸੰਥਾ ਹੋਣੀ ਚਾਹੀਦੀ ਹੈ, ਜੋ ਕਿ ਤਿੰਨ ਸਾਲਾਂ ਤੋਂ ਜ਼ਿਆਦਾ ਲਈ ਸਿੱਖਿਆ/ਆਈ ਟੀ ਸਾਖਰਤਾ ਦੇ ਡੋਮੇਨ ਵਿਚ ਵਪਾਰ ਕਰ ਰਹੀ ਹੈ ਅਤੇ ਉਸਦੇ ਕੋਲ ਸਥਿਰ ਆਮਦਨੀ ਕਰ ਅਕਾਊਂਟ ਨੰਬਰ (ਪੀ ਏ ਐਨ) ਅਤੇ ਖਾਤਿਆਂ ਦੇ ਆਡੀਟਿਡ ਬਿਆਨ ਘੱਟੋ ਘੱਟ ਅਖੀਰਲੇ ਤਿੰਨ ਸਾਲਾਂ ਦੇ ਮੌਜੂਦ ਹਨ।
- ਸੰਸਥਾ/ ਸੰਗਠਨ ਭਾਰਤ ਦੇ ਕਿਸੇ ਵੀ ਕਾਨੂੰਨ ਦੇ ਅਧੀਨ ਰਜਿਸਟਰ ਹੋਣੀ ਚਾਹੀਦੀ ਹੈ ਜਿਵੇਂ ਕਿ ਕੰਪਨੀ ਦੇ ਮਾਮਲੇ ਵਿਚ ਉਹ ਕੰਪਨੀਜ਼ ਦੇ ਰਜਿਸਟਰਾਰ ਦੇ ਨਾਲ ਰਜਿਸਟਰ ਹੋਣੀ ਚਾਹੀਦੀ ਹੈ, ਸਮਾਜ ਦੇ ਮਾਮਲੇ ਵਿਚ, ਉਹ ਸਮਾਜ ਦੇ ਰਜਿਸਟਰਾਰ ਦੇ ਨਾਲ ਰਜਿਸਟਰ ਹੋਣੀ ਚਾਹੀਦੀ ਹੈ ਅਤੇ ਬਾਕੀ ਵੀ ਇਸੀ ਤਰ੍ਹਾਂ ਹੋਣਾ ਚਾਹੀਦਾ ਹੈ।
- ਭਾਗੀਦਾਰ ਕੋਲ ਸਾਫ ਅਤੇ ਪਰਿਭਾਸ਼ਿਤ ਉਦੇਸ਼, ਵਿਧੀ ਅਤੇ ਕਾਰਵਾਈ ਦੇ ਲਈ ਸਹੀ ਦਸਤਾਵੇਜ ਹੋਣੇ ਚਾਹੀਦੇ ਹਨ ਜੋ ਸਿੱਖਿਆ/ ਆਈਟੀ ਸਾਖਰਤਾ ਸਿਖਲਾਈ ਦੀ ਪੂਰੀ ਰੇਂਜ ਨੂੰ ਕਵਰ ਕਰਦੇ ਹੋਣ।

#### 9.3.1 ਸਿਖਲਾਈ ਪ੍ਰਦਾਨ ਕਰਨ ਵਾਲੇ ਭਾਗੀਦਾਰ ਦੀ ਭੂਮਿਕਾ

- ਇਕ ਸਿਖਲਾਈ ਪ੍ਰਦਾਨ ਕਰਨ ਵਾਲਾ ਭਾਗੀਦਾਰ ਪਹਿਚਾਣੇ ਗਏ ਜਿਲ੍ਹਿਆਂ/ਗਰਾਮ ਪੰਚਾਇਤਾਂ ਵਿਚ ਸਿਖਲਾਈ ਪ੍ਰਦਾਨ ਕਰਨ ਵਾਲੇ ਕੇਂਦਰਾਂ ਦੇ ਨਿਰਮਾਣ ਦੇ ਲਈ ਖੁਦ ਜਿੰਮੇਵਾਰ ਹੈ ਜੋ ਉਮੀਦਵਾਰਾਂ ਨੂੰ ਡਿਜੀਟਲ ਸਾਖਰਤਾ ਸਿਖਲਾਈ ਪ੍ਰਦਾਨ ਕਰਨਗੇ।

- ਸਿਖਲਾਈ ਪ੍ਰਦਾਨ ਕਰਨ ਵਾਲਾ ਭਾਗੀਦਾਰ ਇਹ ਸੁਨਿਸਚਿਤ ਕਰਨ ਦੇ ਲਈ ਜਿੰਮੇਵਾਰ ਹੋਵੇਗਾ ਕਿ ਸਿਖਲਾਈ ਪ੍ਰਦਾਨ ਕਰਨ ਵਾਲੇ ਕੇਂਦਰ ਸਕੀਮ ਦੀਆਂ ਜਰੂਰਤਾਂ ਦੇ ਹਿਸਾਬ ਨਾਲ ਬਣੇ ਹੋਣ।
- ਆਪਣੀ ਦਿਲਚਸਪੀ ਦੀ ਸੀਮਾ ਦੇ ਅਹਦੀ ਕੇਂਦਰਾਂ ਦੀ ਸੰਪੂਰਨ ਦੇਖ ਰੇਖ ਦੀ ਨਿਗਰਾਨੀ ਰੱਖਣ ਦੇ ਲਈ ਸਿਖਲਾਈ ਪ੍ਰਦਾਨ ਕਰਨ ਵਾਲਾ ਭਾਗੀਦਾਰ ਜਵਾਬਦੇਹੀ ਹੋਵੇਗਾ।
- ਕੇਂਦਰਾਂ ਵਿਚ ਦਿੱਤੇ ਗਏ ਸੂਚਿਤ ਕੰਮ ਦੀ ਸ਼ੁੱਧਤਾ ਨੂੰ ਪ੍ਰਮਾਣਿਤ ਕਰਦੇ ਹੋਏ ਸਮੇਂ ਤੇ ਰਿਪੋਰਟ ਕਰਨ ਦੇ ਲਈ ਸਿਖਲਾਈ ਪ੍ਰਦਾਨ ਕਰਨ ਵਾਲਾ ਭਾਗੀਦਾਰ ਜਿੰਮੇਵਾਰ ਹੋਵੇਗਾ।
- ਸਿਖਲਾਈ ਪ੍ਰਦਾਨ ਕਰਨ ਵਾਲੇ ਭਾਗੀਦਾਰਾਂ ਦੇ ਲਈ ਵਿਆਪਕ ਨਿਯਮ ਆਦਰਸ਼ ਆਪਰੇਟਿੰਗ ਵਿਧੀ (ਐਸ ਓ ਪੀ)ਦੇ ਹਿਸਾਬ ਨਾਲ ਬਣੇ ਹੋਣਗੇ ਅਤੇ ਸੀਐਸੀ-ਐਸਪੀਵੀ ਦੁਆਰਾ ਪ੍ਰਕਾਸ਼ਿਤ ਕੀਤੇ ਜਾਣਗੇ।

**9.4 ਸਿਖਲਾਈ ਪ੍ਰਦਾਨ ਕਰਨ ਵਾਲੇ ਕੇਂਦਰ**

ਸਿਲੈਕਟ ਕੀਤੀਆਂ ਗਈਆਂ ਗਰਾਮ ਪੰਚਾਇਤਾਂ ਵਿਚ ਸਹੀ ਸਟਾਫ ਅਤੇ ਯੋਗਤਾ ਅਤੇ ਬਨਾਵਟੀ ਢਾਂਚੇ ਦੇ ਨਾਲ ਸਿਖਲਾਈ ਪ੍ਰਦਾਨ ਕਰਨ ਵਾਲੇ ਭਾਗੀਦਾਰ ਸਿਖਲਾਈ ਪ੍ਰਦਾਨ ਕਰਨ ਵਾਲੇ ਕੇਂਦਰਾਂ ਦਾ ਨਿਰਮਾਣ ਕਰਨਗੇ। ਉਹਨਾਂ ਨੂੰ ਨਿਮਨਲਿਖਿਤ ਮਾਪਦੰਡ ਦਾ ਧਿਆਨ ਰੱਖਣਾ ਚਾਹੀਦਾ ਹੈ:

- ਸਿੱਖਿਆ/ਆਈਟੀ ਸਾਖਰਤਾ ਦੇ ਡੋਮੇਨ ਵਿਚ ਸਹੀ ਸਿਖਲਾਈ ਅਤੇ ਸੰਦ ਦੀ ਸਹੂਲਤ ਦੇ ਨਾਲ ਸਿਖਲਾਈ ਪ੍ਰਦਾਨ ਕਰਨ ਵਾਲਾ ਕੇਂਦਰ ਇਕ ਰਜਿਸਟਰਡ ਸੰਸਥਾ ਦਾ ਭਾਗ ਹੋਣਾ ਚਾਹੀਦਾ ਹੈ।
- ਸਿਖਲਾਈ ਪ੍ਰਦਾਨ ਕਰਨ ਵਾਲੇ ਭਾਗੀਦਾਰਾਂ ਦੁਆਰਾ ਸਾਰੇ ਦਸਤਾਵੇਜਾਂ ਨੂੰ ਪੂਰਨ ਕਰਨ ਤੋਂ ਬਾਅਦ ਸੀਐਸੀ-ਐਸਪੀਵੀ ਦੁਆਰਾ ਗਠਿਤ ਕੀਤੀ ਗਈ ਸਕਰੀਨਿੰਗ ਕਮੇਟੀ ਸਿਖਲਾਈ ਪ੍ਰਦਾਨ ਕਰਨ ਵਾਲੇ ਕੇਂਦਰ ਵਿਚ ਜਾਵੇਗੀ ਅਤੇ ਸਕਰੀਨਿੰਗ ਕਮੇਟੀ ਦੀ ਸੰਤੋਖਜਨਕ ਰਸੀਦ ਮਿਲਣ ਤੋਂ ਬਾਅਦ ਹੀ ਮਾਨਤਾ ਦਿੱਤੀ ਜਾਵੇਗੀ
- ਵਿਧੀ (ਐਸ ਓ ਪੀ)ਦੇ ਹਿਸਾਬ ਨਾਲ ਬਣੇ ਹੋਣਗੇ ਅਤੇ ਸੀਐਸੀ-ਐਸਪੀਵੀ ਦੁਆਰਾ ਪ੍ਰਕਾਸ਼ਿਤ ਕੀਤੇ ਜਾਣਗੇ।

ਸੀਐਸਸੀ-ਐਸਪੀਵੀ ਦੇ ਨਾਲ ਕੰਮ ਕਰ ਰਹੇ ਸਾਰੇ ਸੀਐਸਸੀਆਂ ਨੂੰ ਸਿਖਲਾਈ ਪ੍ਰਦਾਨ ਕਰਨ ਵਾਲੇ ਕੇਂਦਰ ਮੰਨਿਆਂ ਜਾਵੇਗਾ ਅਤੇ ਸਿਖਲਾਈ ਪ੍ਰਦਾਨ ਕਰਨ ਵਾਲੇ ਕੇਂਦਰਾਂ ਦੇ ਮਾਮਲੇ ਵਾਲੇ ਸਮਾਂ ਨਿਯਮ ਅਤੇ ਦਿਸ਼ਾ ਨਿਰਦੇਸ਼ ਸੀਐਸੀਆਂ ਤੇ ਵੀ ਲਾਗੂ ਹੋਣਗੇ।

**9.4.1 ਸਿਖਲਾਈ ਪ੍ਰਦਾਨ ਕਰਨ ਵਾਲੇ ਕੇਂਦਰਾਂ ਦੀ ਭੂਮਿਕਾ:** ਸਿਖਲਾਈ ਪ੍ਰਦਾਨ ਕਰਨ ਵਾਲੇ ਕੇਂਦਰ ਨਿਮਨਲਿਖਿਤ ਦੇ ਲਈ ਜਿੰਮੇਵਾਰ ਹੋਣਗੇ:

- ਕੋਰਸ ਦੇ ਲਈ ਉਮੀਦਵਾਰਾਂ ਨੂੰ ਭਰਤੀ ਕਰਨਾ
- ਉਮੀਦਵਾਰਾਂ ਨੂੰ ਸਹੀ ਸਿਖਲਾਈ ਪ੍ਰਦਾਨ ਕਰਨਾ
- ਮੌਜੂਦਗੀ ਨੂੰ ਮਾਰਕ ਕਰਨਾ ਅਤੇ ਔਨ ਲਾਈਨ ਨਿਗਰਾਨੀ ਐਪਲੀਕੇਸ਼ਨ ਅਤੇ ਸਿੱਖਿਆ ਪ੍ਰਬੰਧ ਸਿਸਟਮ ਦੀ ਮਦਦ ਨਾਲ ਨਿਯਮਿਤ ਮੁਲਾਂਕਣ ਜਾਰੀ ਕਰਨਾ
- ਕੋਰਸ ਵਿਚ ਭਰਤੀ ਕੀਤੇ ਗਏ ਸਾਰੇ ਉਮੀਦਵਾਰਾਂ ਦਾ ਰਿਕਾਰਡ ਰੱਖਣਾ, ਉਹਨਾਂ ਦੀ ਮੌਜੂਦਗੀ ਪ੍ਰਮਾਣਿਤ ਕਰਨਾ ਅਤੇ ਇਹ ਸੁਨਿਸਚਿਤ ਕਰਨਾ ਕਿ ਉਮੀਦਵਾਰ ਔਨ ਲਾਈਨ ਪ੍ਰੀਖਿਆ ਦੇ ਵਿਚ ਮੌਜੂਦ ਹੁੰਦੇ ਹਨ
- ਸਿਖਲਾਈ ਪ੍ਰਦਾਨ ਕਰਨ ਵਾਲੇ ਕੇਂਦਰ ਸਿਖਲਾਈ ਖਤਮ ਹੋਣ ਤੋਂ ਬਾਅਦ ਘੱਟੋ ਘੱਟ ਦੋ ਸਾਲਾਂ ਦੇ ਲਈ ਸਹਿਯੋਗ ਪ੍ਰਦਾਨ ਕਰਨਗੇ
- ਹਰ ਇੱਕ ਉਮੀਦਵਾਰ ਦੇ ਲਈ ਸਿੱਖਿਆ ਦੇ ਨਤੀਜਿਆਂ ਦੀ ਪ੍ਰਾਪਤੀ ਨੂੰ ਸੁਨਿਸਚਿਤ ਕਰਨਾ

**9.5** ਮੋਬਾਈਲ ਫੋਨ ਦੁਆਰਾ ਜਾਣਕਾਰੀ ਦੀ ਡਿਲਿਵਰੀ ਕਰਨਾ ਇੱਕ ਪੂਰਕ ਸਹੂਲਤ ਹੈ ਜਿਸ ਦੀ ਪਹੁੰਚ ਨਿਓ-ਆਈਟੀ ਸਿੱਖਿਅਤਾਂ ਦੀ ਵੱਡੀ ਗਿਣਤੀ ਦੁਆਰਾ ਪ੍ਰਾਪਤ ਕੀਤੀ ਜਾ ਸਕਦੀ ਹੈ ਤਾਂ ਜੋ ਸਿੱਖੀ ਗਈ ਜਾਣਕਾਰੀ ਨੂੰ ਭੌਤਿਕ ਸਿਖਲਾਈ ਮੋਡ ਵਿਚ ਰਿਫ੍ਰੇਸ਼ ਕੀਤਾ ਜਾ ਸਕੇ।

**9.6** ਹਰ ਇਕ ਲਾਭਪਾਤਰੀ ਦੀ ਪਹਿਚਾਨ ਦੇ ਲਈ ਅਤੇ ਧੋਖੇ ਤੋਂ ਬਚਣ ਦੇ ਲਈ ਅਧਾਰ ਨੰਬਰ ਦਾ ਇਸਤੇਮਾਲ ਕੀਤਾ ਜਾਵੇਗਾ।

**9.7** ਸਹੀ ਔਨ ਲਾਈਨ ਰਿਪੋਰਟਿੰਗ ਵਿਧੀ ਸੀਐਸੀ-ਐਸਪੀਵੀ ਦੁਆਰਾ ਸਹੀ ਥਾਂ ਤੇ ਰੱਖੀ ਜਾਵੇਗੀ ਤਾਂ ਜੋ ਭਾਗੀਦਾਰਾਂ/ਕੇਂਦਰਾਂ ਦੁਆਰਾ ਪਰਦਾਸ਼ਕਤਾ ਕਾਇਮ ਰੱਖਣ ਦੇ ਲਈ ਸਿਖਲਾਈ ਪ੍ਰਦਾਨ ਕਰਨ ਵਾਲੇ ਪ੍ਰੋਗਰਾਮਾਂ ਦੀ ਰਿਪੋਰਟਿੰਗ/ਜਾਂਚ ਪੜਤਾਲ ਕੀਤੀ ਜਾ ਸਕੇ।

**9.8** ਸਿਖਲਾਈ ਪ੍ਰਦਾਨ ਕਰਨ ਵਾਲੇ ਭਾਗੀਦਾਰ/ਕੇਂਦਰ ਸਿਲੈਕਟ ਕੀਤੇ ਗਏ ਲਾਭਪਾਤਰੀਆਂ ਨੂੰ ਉਤਸ਼ਾਹ ਅਤੇ ਗਤੀਸ਼ੀਲਤਾ ਪ੍ਰਦਾਨ ਕਰਨਗੇ ਅਤੇ ਸਿਖਲਾਈ ਦੀ ਸਫਲ ਸਮਾਪਤੀ ਇਸਦੇ ਨਿਯਮਾਂ ਦੇ ਤਹਿਤ ਸੁਨਿਸਚਿਤ ਕਰਨਗੇ।

**9.9** ਸਿਖਲਾਈ ਸੀ ਸਫਲ ਸਮਾਪਤੀ ਤੋਂ ਬਾਅਦ, ਸਿਖਲਾਈ ਪ੍ਰਦਾਨ ਕਰਨ ਵਾਲੇ ਭਾਗੀਦਾਰ/ਕੇਂਦਰ ਨਿਯਮਿਤ ਰੂਪ ਵਿਚ ਸੀਐਸੀ-ਐਸਪੀਵੀ ਨੂੰ ਸਿਖਾਏ ਗਏ ਵਿਅਕਤੀਆਂ ਦੇ ਵੇਰਵੇ ਦੀ ਰਿਪੋਰਟ ਕਰਨਗੇ।

**9.10** ਇੱਕ ਮਨਜ਼ੂਰ ਕੀਤੀ ਗਈ ਪ੍ਰਮਾਣਿਤ ਏਜੇਂਸੀ ਦੀ ਸਿੱਖਿਅਤ ਉਮੀਦਵਾਰ ਨੂੰ ਇਕ ਔਨ ਲਾਈਨ ਪ੍ਰੀਖਿਆ ਦੇਣੀ ਪਵੇਗੀ (ਸਿਖਲਾਈ ਸਮਾਪਤ ਹੋਣ ਤੋਂ ਤੁਰੰਤ ਬਾਅਦ)। ਸਿਖਲਾਈ ਪ੍ਰਦਾਨ ਕਰਨ ਵਾਲੀ ਏਜੇਂਸੀਆਂ ਨੂੰ ਸਿਖਲਾਈ ਪ੍ਰਦਾਨ ਕਰਨ ਦੇ ਖਰਚੇ ਦਿੱਤੇ ਗਏ ਨਤੀਜਿਆਂ ਦੇ ਮਾਪਦੰਡ ਦੇ ਤਹਿਤ ਉਮੀਦਵਾਰਾਂ ਦੇ ਸਫਲ ਸਰਟੀਫ਼ਿਕੇਸ਼ਨ ਤੋਂ ਬਾਅਦ ਹੀ ਸੀਐਸਸੀ-ਐਸਪੀਵੀ ਵਲੋਂ ਦਿੱਤੇ ਜਾਣਗੇ।

**9.11** ਸਿਖਾਏ ਗਏ ਲਾਭਪਾਤਰੀਆਂ ਦੀ ਸਰਟੀਫ਼ਿਕੇਸ਼ਨ ਔਨ ਲਾਈਨ ਪ੍ਰੀਖਿਆ ਦੁਆਰਾ ਕੀਤੀ ਜਾਵੇਗੀ ਜੋ ਕਿ ਇੱਕ ਕੌਮੀ ਰੂਪ ਵਿਚ ਪ੍ਰਮਾਣਿਤ ਏਜੇਂਸੀ ਦੁਆਰਾ ਜਾਰੀ ਕੀਤੀ ਜਾਵੇਗੀ ਜਿਸ ਨੂੰ ਆਮ ਤੌਰ ਤੇ ਇਲੈਕਟ੍ਰੋਨਿਕਸ ਅਤੇ ਜਾਣਕਾਰੀ ਤਕਨੀਕ ਦੀ ਰਾਸ਼ਟਰੀ ਸੰਸਥਾ ਕਿਹਾ ਜਾਂਦਾ ਹੈ ( ਐਨ ਆਈ ਈ ਐਲ ਆਈ ਟੀ), ਓਪਨ ਸਕੂਲਿੰਗ ਦੀ ਰਾਸ਼ਟਰੀ ਸੰਸਥਾ (ਐਨ ਆਈ ਓ ਐਸ), ਤਮਿਲ ਨਾਦੂ ਦੀ ਆਈ ਸੀ ਟੀ ਅਕਾਦਮੀ, ਹਰਿਆਣਾ ਸਿੱਖਿਆ ਕਾਰਪੋਰੇਸ਼ਨ ਲਿਮਿਟਿਡ (ਐਚ ਕੇ ਸੀ ਐਲ), ਉਦਯੋਗ ਉਪਕ੍ਰਮ ਅਤੇ ਛੋਟੇ ਵਪਾਰ ਦੇ ਵਿਕਾਸ ਦੀ ਰਾਸ਼ਟਰੀ ਸੰਸਥਾ ( ਐਨ ਆਈ ਈ ਐਸ ਬੀ ਯੂ ਡੀ)। ਹੋਰ ਏਜੇਂਸੀਆਂ ਜਿਹਨਾਂ ਨੂੰ ਔਨ ਲਾਈਨ ਮੁਲਾਂਕਣ ਕਰਨ ਦੇ ਵਿਚ ਸਮਾਨ ਅਨੁਭਵ ਹੈ ਉਹਨਾਂ ਨੂੰ ਦਿੱਤੇ ਗਏ ਨਿਯਮਾਂ ਅਨੁਸਾਰ ਇਮਪੈਨਲ ਕੀਤਾ ਜਾਵੇਗਾ। ਇਹ ਕੋਸ਼ਿਸ਼ ਕੀਤੀ ਜਾਵੇਗੀ ਕਿ ਹਰ ਇਕ ਰਾਜ ਵਿਚ ਇਕ ਪ੍ਰਮਾਣਿਤ ਏਜੰਸੀ ਜ਼ਰੂਰ ਮੌਜੂਦ ਹੋਵੇ ਤਾਂ ਜੋ ਇਕ ਸਾਫ ਸਰਟੀਫ਼ਿਕੇਸ਼ਨ ਵਿਧੀ ਸੁਨਿਸਚਿਤ ਕੀਤੀ ਜਾ ਸਕੇ।

**9.12 ਵੱਖ ਵੱਖ ਆਈ ਟੀ ਸਾਖਰਤਾ ਦੀ ਉਦਯੋਗ, ਐਨ ਜੀ ਓ ਅਤੇ ਬਾਕੀਆਂ ਦੁਆਰਾ ਕੀਤੀਆਂ ਗਈਆਂ ਕੋਸ਼ਿਸ਼ਾਂ ਦਾ ਸੁਮੇਲ:**

ਸਕੀਮ ਦੇ ਅਧੀਨ ਡਿਜੀਟਲ ਸਾਖਰਤਾ ਨੂੰ ਫੈਲਾਉਣ ਦੇ ਲਈ ਉਦਯੋਗ, ਐਨ ਜੀ ਓ ਅਤੇ ਬਾਕੀਆਂ ਦੁਆਰਾ ਸਮਾਨ ਕੋਸ਼ਿਸ਼ਾਂ ਦਾ ਸੁਮੇਲ ਜਾਰੀ ਕੀਤਾ ਜਾਵੇਗਾ ਅਤੇ ਇਸ ਦੇ ਲਈ ਜ਼ਰੂਰੀ ਤਾਲਮੇਲ ਸੀਐਸਸੀ-ਅਸੇਪੀਵੀ ਦੁਆਰਾ ਕੀਤਾ ਜਾਵੇਗਾ। ਸੀਐਸਸੀ-ਐਸਪੀਵੀ ਇਸ ਮਾਮਲੇ ਵਿਚ ਭਾਗੀਦਾਰਾਂ ਦੇ ਵਿਚ ਜ਼ਰੂਰੀ ਤਬਦੀਲ;ਈ ਨੂੰ ਅੰਜਾਮ ਦੇਵੇਗਾ। ਉਮੀਦਵਾਰ ਜਿਹਨਾਂ ਦੀ ਸਿਖਲਾਈ ਇਹਨਾਂ ਭਾਗੀਦਾਰਾਂ, ਉਦਯੋਗਾਂ ਜਾਂ ਐਨ ਜੀ ਓ ਦੇ ਅਧੀਨ ਹੋਈ ਹੈ ਉਹਨਾਂ ਨੂੰ ਮਜ਼ੂਰ ਕੀਤੀ ਗਈ ਪ੍ਰਮਾਨੈ ਏਜੰਸੀ ਦੁਆਰਾ ਡਿਜੀਟਲ ਸਾਖਰਤਾ ਸਰਟੀਫਿਕੇਟ ਵੀ ਦਿੱਤੇ ਜਾਣਗੇ। ਅਜੇਹੀ ਉਮੀਦਵਾਰਾਂ ਦੇ ਲਈ, ਸਿਖਲਾਈ ਉਹਨਾਂ ਦੇ ਆਪਣੇ ਸਾਧਾਂ/ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ (ਸੀ ਐਸ ਆਰ) ਫੰਡਾਂ ਦੁਆਰਾ ਇਹਨਾਂ ਏਜੰਸੀਆਂ ਦੁਆਰਾ ਦਿੱਤੀ ਜਾਵੇਗੀ। ਉਮੀਦਵਾਰਾਂ ਜਿਹਨਾਂ ਦੀ ਸਿਖਲਾਈ ਅਜਿਹੇ ਪਹਿਲੂਆਂ ਦੇ ਅਧੀਨ ਹੋਈ ਹੈ ਉਹ ਮਨਜ਼ੂਰ ਕੀਤੀ ਗਈ ਪ੍ਰਮਾਣਿਤ ਏਜੇਂਸੀ ਦੀ ਸਰਟੀਫ਼ਿਕੇਸ਼ਨ ਪ੍ਰੀਖਿਆ ਦੇਣ ਦੇ ਲਈ ਯੋਗ ਹੋਣਗੇ ਅਤੇ ਸਰਟੀਫ਼ਿਕੇਸ਼ਨ ਦੇ ਖਰਚੇ ਵੀ ਅਨੁਸਾਰੀ ਏਜੰਸੀਆਂ ਦੁਆਰਾ ਕੀਤੇ ਜਾਣਗੇ।

**9.13 ਵੱਖ ਵੱਖ ਏਜੰਸੀਆਂ ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ:**

**9.13.1 ਐਮ ਈ ਆਈ ਟੀ ਵਾਏ:**

i. **ਤਾਕਤੀ ਕਮੇਟੀ** ਦਾ ਗਠਨ ਸਕੀਮ ਦੇ ਪਾਲਿਸੀ ਸਤਰ ਦੇ ਦਾਖ਼ਲ ਦੇ ਤਹਿਤ ਫੈਸਲਿਆਂ ਨੂੰ ਲੈਣ ਲਈ ਸਕੱਤਰ ਐਮ ਈ ਆਈ ਟੀ ਵਾਏ ਦੀ ਪ੍ਰਧਾਨਗੀ ਦੇ ਅਧੀਨ ਹੋਇਆ ਹੈ।

ii. **ਪ੍ਰੋਜੈਕਟ ਦੀ ਸਮੀਖਿਆ ਅਤੇ ਸੀਅਖਰੰਗ ਗਰੁੱਪ (ਪੀ ਆਰ ਐਸ ਜੀ)** ਜਿਸ ਦੀ ਪ੍ਰਧਾਨਗੀ ਜੇ ਐਸ (ਐਚ ਆਰ) ਦੁਆਰਾ ਕੀਤੀ ਗਈ ਹੈ, ਐਮ ਈ ਟੀ ਵਾਏ ਦਾ ਗਠਨ ਐਮ ਈ ਆਈ ਟੀ ਵਾਏ ਦੁਆਰਾ ਕੀਤਾ ਗਿਆ ਹੈ ਤਾਂ ਜੋ ਸਕੀਮ ਦੀ ਸਮੇਂ ਦੀ ਸੀਮਾ ਦੇ ਹਿਸਾਬ ਨਾਲ ਤਾਮੀਲ ਸੁਨਿਸਚਿਤ ਹੋ ਸਕੇ ਅਤੇ ਫ਼ੰਡ ਰਿਲੀਜ ਦੀ ਸਿਫਾਰਿਸ਼ ਕੀਤੀ ਜਾ ਸਕੇ।

iii. ਪੀ ਆਰ ਐਸ ਜੀ ਦੀ ਸਿਫਾਰਿਸ਼ ਤੇ ਤਾਮੀਲ ਕਰਨ ਵਾਲੀ ਏਜੰਸੀ ਜ਼ਰੂਰੀ ਫੰਡਾਂ ਨੂੰ ਪ੍ਰਦਾਨ ਕਰੇਗੀ, ਅਤੇ/ਜਾਂ ਐਮ ਈ ਟੀ ਵਾਏ ਵਲੋਂ ਮਨਜ਼ੂਰੀ ਮਿਲਣ ਤੇ ਐਮ ਈ ਆਈ ਟੀ ਵਾਏ ਦੁਆਰਾ ਮੁਲਾਂਕਣ ਕਰੇਗੀ।

iv. ਸਕੀਮ ਦੇ ਵਿਕਾਸ ਦੇ ਨਾਲ ਸੰਬੰਧਤ ਵਿਧੀ ਦੇ ਮੁੱਦਿਆਂ ਵਿਚ ਜਰੂਰੀ ਅਗਵਾਈ, ਉਚਿਤ ਸਰਕਾਰੀ ਵਿਭਾਗਾਂ/ਸੰਸਥਾਵਾਂ/ਸੰਗਠਨਾਂ ਅਤੇ ਬਾਕੀ ਸੰਬੰਧਤ ਏਜੰਸੀਆਂ ਦੇ ਨਾਲ ਤਾਲਮੇਲ ਪ੍ਰਦਾਨ ਕਰਨਾ।

v. ਸਕੀਮ ਦੇ ਨਾਲ ਸੰਬੰਧਤ ਕਿਸੇ ਵੀ ਹੋਰ ਮੁੱਦੇ ਜਾਂ ਪਹਿਲੂ ਨੂੰ ਚੁੱਕਣਾ।

**9.13.2 ਪ੍ਰੋਗਰਾਮ ਪ੍ਰਬੰਧਨੰ ਯੂਨਿਟ(ਪੀਐਮਯੂ):**

ਇੱਕ ਪ੍ਰੋਗਰਾਮ ਪ੍ਰਬੰਧਨ ਯੂਨਿਟ ਸੀਐਸਸੀ ਈ ਸਰਕਾਰੀ ਸੇਵਾਵਾਂ ਭਾਰਤੀ ਲਿਮਿਟਿਡ (ਸੀਐਸੀ-ਐਸਪੀਵੀ ਦੇ ਅਧੀਨ ਬਣਾਇਆ ਗਿਆ ਹੈ ਤਾਂ ਜੀ ਪੀ ਐਮ ਜੀ ਡੀ ਆਈ ਐਸ ਐਚ ਏ ਸਕੀਮ ਨੂੰ ਜਾਰੀ ਕੀਤਾ ਜਾ ਸਕੇ। ਪੀ ਐਮ ਯੂ ਤਾਮੀਲ ਕਰਨ ਦੇ ਲਈ, ਪ੍ਰਬੰਧਨ ਕਰਨ ਦੇ ਲਈ ਅਤੇ ਨਿਗਰਾਨੀ ਰੱਖਣ ਦੇ ਲਈ ਐਮ ਈ ਆਈ ਟੀ ਵਾਏ ਨੂੰ ਜ਼ਰੂਰੀ ਸਹਿਯੋਗ ਪ੍ਰਦਾਨ ਕਰੇਗੀ। ਸੀਐਸੀ–ਐਸਪੀਵੀ:ਪੀ ਐਮ ਯੂ ਨਿਮਨਲਿਖਿਤ ਪ੍ਰਮੁੱਖ ਕੰਮ/ਗਤੀਵਿਧੀਆਂ ਨੂੰ ਕਰੇਗੀ:

i. ਪੂਰੀ ਸਕੀਮ ਦਾ ਸੰਪੂਰਣ ਤਾਲਮੇਲ/ ਤਾਮੀਲ ਅਤੇ ਪ੍ਰਬੰਧਨ
ii. ਵੱਖ ਵੱਖ ਸਟੇਕ ਹੋਲਡਰਾਂ ਦੇ ਨਾਲ ਤਾਲਮੇਲ ਬਣਾਉਣਾ ਜਿਸ ਵਿਚ ਬਾਕੀ ਸਟੇਕ ਹੋਲਡਰ ਜਿਵੇਂ ਕਿ ਉਦਯੋਗ. ਐਨ ਜੀ ਓ ਆਦਿ ਸ਼ਾਮਲ ਹਨ ਜੋ ਕਿ ਪੀ ਐਮ ਜੀ ਡੀ ਆਈ ਐਸ ਐਚ ਏ ਵਾਂਗ ਸਮਾਨ ਪਹਿਲੂਆਂ ਵਿਚ ਸ਼ਾਮਲ ਹਨ
iii. ਪਾਠਕ੍ਰਮ ਫਰੇਮਵਰਕ /ਕੋਰਸਵੇਅਰ – ਵੱਖ ਵੱਖ ਸਟੇਕ ਹੋਲਡਰਾਂ/ਪ੍ਰਧਾਨ ਦੇ ਮਸ਼ਵਰੇ ਦੇ ਨਾਲ ਬਹੁਭਾਸ਼ੀ ਜਾਣਕਾਰੀ ਦਾ ਵਿਕਾਸ ਕਰਨਾ
iv. ਸਿਖਲਾਈ ਪ੍ਰਦਾਨ ਕਰਨ ਵਾਲੇ ਸਥਾਨ ਦੇ ਬਨਾਵਟੀ ਢਾਂਚੇ, ਲੈਬਾਂ, ਫੈਕਲਟੀ/ਸਿਖਲਾਈ ਪ੍ਰਦਾਨ ਕਰਨ ਵਾਲੇ ਆਦਿ ਦੇ ਤਹਿਤ ਐਨ ਆਈ ਈ ਐਲ ਆਈ ਟੀ, ਆਈ ਜੀ ਐਨ ਓ ਯੂ, ਐਨ ਆਈ ਓ ਐਸ ਆਦਿ ਮਨਜ਼ੂਰ ਕੀਤੀਆਂ ਗਈਆਂ ਏਜੰਸੀਆਂ ਦੀ ਮਸ਼ਵਰੇ ਦੇ ਨਾਲ ਸਿਖਲਾਈ ਪ੍ਰਦਾਨ ਕਰਨ ਵਾਲਿਆਂ ਸੰਸਥਾਵਾਂ ਦੀ ਮਾਨਤਾ ਦੇ ਲਈ ਦਿਸ਼ਾ ਨਿਰਦੇਸ਼ ਅਤੇ ਨਿਯਮਾਂ ਨੂੰ ਤਿਆਰ ਕਰਨਾ। ਅਤੇ ਇਸ ਦੇ ਨਾਲ ਹੀ ਪ੍ਰਦਾਨ ਕੀਤੀ ਗਈ ਸਿਖਲਾਈ ਦੀ ਗੁਣਵੱਤਾ, ਫੈਕਲਟੀ, ਕੇਂਦਰ ਦੇ ਬਨਾਵਟੀ ਢਾਂਚੇ ਆਦਿ ਦੀ ਨਿਯਮਿਤ ਨਿਗਰਾਨੀ ਅਤੇ ਮੁਲਾਂਕਣ ਦੇ ਲਈ ਨਿਯਮਾਂ ਨੂੰ ਤਿਆਰ ਕਰਨਾ।
v. ਲਾਭਪਾਤਰੀ ਦੇ ਚੁਣਾਵ, ਉਮੀਦਵਾਰਾਂ ਦੀ ਰਜਿਸਟਰੇਸ਼ਨ ਅਤੇ ਸਿਖਲਾਈ ਤੇ ਨਿਗਰਾਨੀ ਰੱਖਣ ਦੇ ਲਈ ਨਿਯਮਾਂ ਦਾ ਵਿਕਾਸ ਕਰਨਾ।
vi. ਪ੍ਰਮਾਣਿਤ ਏਜੰਸੀਆਂ ਦੇ ਮਸ਼ਵਰੇ ਦੇ ਨਾਲ ਪ੍ਰੀਖਿਆ ਅਤੇ ਸਰਟੀਫ਼ਿਕੇਸ਼ਨ ਦੇ ਨਿਯਮਾਂ ਨੂੰ ਤਿਆਰ ਕਰਨਾ।
vii. ਮੋਬਾਈਲ ਫੋਨਾਂ ਦੁਆਰਾ ਈ- ਜਾਣਕਾਰੀ ਦੀ ਡਿਲਿਵਰੀ ਕਰਨਾ
viii. ਵੱਖ ਵੱਖ ਸਟੇਕ ਹੋਲਡਰਾਂ ਨੂੰ ਸਕੀਮ ਦੇ ਬਾਰੇ ਜਾਗਰੂਕ ਕਰਨ ਦੇ ਲਈ ਵਰਕਸ਼ੋਪ/ਸੈਮੀਨਾਰ ਅਤੇ ਹੋਰ ਜਾਗਰੂਕ ਕਾਰਨ ਵਾਲਿਆਂ ਮੁਹਿੰਮਾਂ ਨੂੰ ਜਾਰੀ ਕਰਨਾ
ix. ਅਧੀਨ ਪਹਿਚਾਨ ਤੇ ਅਧਾਰਿਤ ਯੋਗ ਨਿਗਰਾਨੀ ਰੱਖਣ ਵਾਲੀ ਵਿਧੀ ਦਾ ਨਿਰਮਾਣ ਕਰਨਾ ਤਾਂ ਜੋ ਡਬਲ ਕਾਉਂਟਿੰਗ ਤੋਂ ਪ੍ਰਹੇਜ਼ ਕੀਤਾ ਜਾ ਸਕੇ ਅਤੇ ਸਹੀ ਨਿਗਰਾਨੀ ਸੁਨਿਸਚਿਤ ਹੋ ਸਕੇ।
x. ਐਮ ਈ ਆਈ ਟੀ ਵਾਏ ਅਤੇ ਰਾਜ ਦੀ ਸਰਕਾਰ/ ਜਿਲ੍ਹੇ ਦੇ ਪ੍ਰਸ਼ਾਸਨ ਨੂੰ ਸਕੀਮ ਦੀ ਨਿਗਰਾਨੀ ਦੇ ਲਈ ਨਿਯਮਿਤ ਜਾਣਕਾਰੀ ਪ੍ਰਦਾਨ ਕੀਤੀ ਜਾ ਸਕੇ
xi. ਇਹ ਸੁਨਿਸਚਿਤ ਕਰੋ ਕਿ ਦਿੱਤੇ ਗਏ ਸਮੇਂ ਅਤੇ ਬਜਟ ਵਿਚ ਸਾਰੇ ਡੇਲੀਵੇਰੇਬਲ ਸਮਾਪਤ ਹੋ ਚੁੱਕੇ ਹਨ। ਕੋਈ ਵੀ ਫਰਕ ਨੂੰ ਐਮ ਈ ਆਈ ਟੀ ਵਾਏ ਦੇ ਕੋਲ ਭੇਜਣ ਚਾਹੀਦਾ ਹੈ ਤਾਂ ਜੋ ਮਨਜ਼ੂਰੀ ਪ੍ਰਾਪਤ ਕੀਤੀ ਜਾ ਸਕੇ।
xii. ਅਧਾਰ ਦੇ ਨਾਲ ਜੁੜੀ ਹੁਈ ਰਜਿਸਟਰੇਸ਼ਨ ਅਤੇ ਲਾਭਪਾਤਰੀਆਂ ਦੀ ਪ੍ਰੀਖਿਆ ਦੇ ਲਈ ਸਹੀ ਵਿਧੀ ਪ੍ਰਦਾਨ ਕਰਨਾ
xiii. ਐਮ ਈ ਆਈ ਟੀ ਵਾਏ ਦੀ ਮਨਜ਼ੂਰੀ ਦੇ ਨਾਲ ਤੀਸਰੀ ਪਾਰਟੀ ਦੁਆਰਾ ਸਕੀਮ ਦੇ ਅਸਰਦਾਰ ਮੁਲਾਂਕਣ ਅਧਿਐਨ
xiv. ਖਾਸ ਰੂਪ ਵਿਚ ਓਪਨ ਸੋਰਸ ਤਕਨੀਕ ਦਾ ਇਸਤੇਮਾਲ ਕਰਕੇ ਸਕੀਮ ਦੇ ਲਈ ਕੇਂਟਰੀ ਪੋਰਟਲ ਦਾ ਵਿਕਾਸ ਕਰਨਾ। ਪੋਰਟਲ ਵਿਚ ਜਾਣਕਾਰੀ ਦੇ ਪ੍ਰਬੰਧਨ ਦਾ ਸਿਸਟਮ ਸ਼ਾਮਲ ਹੋਵੇਗਾ ਜਿਸ ਦੇ ਨਾਲ ਹੀ i) ਸਿਖਲਾਈ ਪ੍ਰਦਾਨ ਕਰਨ ਵਾਲੇ ਭਾਗੀਦਾਰ/ਕੇਂਦਰ ਦੇ ਰੂਪ ਵਿਚ ਇਮਪੈਨਲਮੈਂਟ ਦੇ ਲਈ ਦਸਤਾਵੇਜਾਂ ਦੀ ਔਨ ਲਾਈਨ ਭਰਤੀ ii) ਡੈਸ਼ਬੋਰਡ ਪਹੁੰਚ iii) ਉਮੀਦਵਾਰਾਂ ਦੀ ਰਜਿਸਟਰੇਸ਼ਨ/ਅਪਡੇਸ਼ਨiv) ਜਾਣਕਾਰੀ ਦਾ ਕੇਂਦਰੀ ਕੋਸ਼v) ਅਧਾਰ ਦੇ ਨਾਲ ਜੁੜੀ ਹੋਈ ਰਿਮੋਟ ਪਰੀਖਿਆ ਦੁਆਰਾ ਡਿਜੀਟਲ ਸਾਖਰਤਾ ਦਾ ਮੁਲਾਂਕਣ ਅਤੇ ਸਰਟੀਫ਼ਿਕੇਸ਼ਨ vi) ਡਰਿਲ ਡਾਉਨ ਡੇਟਾ ਦੀ ਪਹੁੰਚ ਅਤੇ vii) ਰਿਪੋਰਟਿੰਗ
xv. 22 ਅਨੁਸੂਚਿਤ ਭਾਸ਼ਣ ਦੇ ਵਿਚ ਸਿਖਲਾਈ ਨੂੰ ਮੌਜੂਦ ਕਰਵਾਉਣ ਦੇ ਲਈ ਮੋਬਾਈਲ ਐਪ ਦਾ ਵਿਕਾਸ ਕਰੋ
xvi. ਨਿਮਨਲਿਖਿਤ ਕਾਰਜਾਂ ਦੇ ਲਈ ਆਦਰਸ਼ ਆਪਰੇਟਿੰਗ ਕਾਰਜ ਮੌਜੂਦ ਕਰਵਾਏ ਜਾਣਗੇ:
   - ਪੀਐਮਜੀਡੀਆਈਐਸਐਚਏ ਦੇ ਅਧੀਨ ਉਮੀਦਵਾਰਾਂ ਦੀ ਰਜਿਸਟਰੇਸ਼ਨ ਅਤੇ ਸਿਖਲਾਈ
   - ਪੀਐਮਜੀਡੀਆਈਐਸਐਚਏ ਦੇ ਅਧੀਨ ਸਿਖਲਾਈ ਪ੍ਰਦਾਨ ਕਰਨ ਵਾਲੇ ਭਾਗੀਦਾਰ/ਕੇਂਦਰ ਦੀ ਇਮਪੈਨਲਮੈਂਟ/ ਡਿਸ ਇਮਪੈਨਲਮੈਂਟ
   - ਪੀਐਮਜੀਡੀਆਈਐਸਐਚਏ ਦੇ ਵਿਚ ਪ੍ਰੀਖਿਆ
   - ਪੀਐਮਜੀਡੀਆਈਐਸਐਚਏ ਭਿਗਤਾਂ ਦਾ ਕਾਰਜ
xvii. ਲਾਗੂ ਕਰਨ ਦੀ ਮੁਕੱਰਰ ਸਮੀਖਿਆ ਸੀ ਐਸ ਸੀ– ਐਸ ਪੀ ਵੀ ਦੇ ਬੋਰਡ ਦੁਆਰਾ ਜਾਰੀ ਕੀਤੀ ਜਾਵੇਗੀ ਜਿਸ ਦੀ ਪ੍ਰਧਾਨਗੀ ਐਮਈਆਈਟੀਵਾਏ ਦੇ ਸਕੱਤਰ ਦੁਆਰਾ ਕੀਤੀ ਜਾਂਦੀ ਹੈ।

### 9.13.3 ਰਾਜ/ ਯੂ ਟੀ ਸਰਕਾਰਾਂ:

(i) **ਰਾਜ ਸਤਰ ਦੀ ਕਮੇਟੀ** ਜਿਸ ਦੀ ਪ੍ਰਧਾਨਗੀ ਤਾਮੀਲ ਦੇ ਲਈ ਢੰਗਾਂ ਦੀ ਯੋਜਨਾਵਾਂ ਬਣਾਉਣ ਦੇ ਲਈ ਪ੍ਰਿੰਸੀਪਲ ਸਕੱਤਰ ( ਆਈ ਟੀ ) ਦੁਆਰਾ ਕੀਤੀ ਜਾਂਦੀ ਹੈ। ਕਮੇਟੀ ਦੀ ਬਨਾਵਟ ਅਤੇ ਰੈਫਰੈਂਸ ਦੀਆਂ ਸ਼ਰਤਾਂ **ਅਨੁਬੰਧ -II ਦੇ ਪੈਰਾਂ I** ਵਿਚ ਮੌਜੂਦ ਹਨ।

(ii) **ਰਾਜ ਨੂੰ ਲਾਗੂ ਕਰਨ ਵਾਲੀ ਏਜੰਸੀ ( ਐਸਆਈਏ ):** ਸਥਿਰ ਸਮੇਂ ਵਿਚ ਆਪਣੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਦੇ ਲਈ ਪਹਿਚਾਨੀ ਗਈ ਲਾਗੂ ਕਰਨ ਵਾਲੀ ਏਜੇਂਸੀਆਂ ਦੁਆਰਾ ਸਕੀਮ ਰਾਜ/ ਯੂ ਟੀ ਸਰਕਾਰਾਂ ਨੂੰ ਲਾਗੂ ਕਰਨ ਵਿਚ ਇਕ ਮਹੱਤਵਪੂਰਨ ਭੂਮਿਕਾ ਨਿਭਾਉਣ ਦੇ ਲਈ ਯੋਗ ਮੰਨਦੀ ਹੈ। ਆਪਣੀ ਪਹਿਚਾਨੀ ਗਈ ਲਾਗੂ ਕਰਨ ਵਾਲੀ ਏਜੇਂਸੀਆਂ ਦੁਆਰਾ ਰਾਜਾਂ/ ਯੂ ਟੀ ਦੀ ਭੂਮਿਕਾ ਨਿਮਨਲਿਖਿਤ ਹੈ:

i. ਐਸਆਈਏ ਸੀਐਸਸੀ- ਐਸਪੀਵੀ ਦੇ ਨਾਲ ਰਾਜ ਦੀ ਸਰਕਟ/ ਯੂਟੀ ਦੇ ਖਾਤਰ ਸਕੀਮ ਨੂੰ ਜਾਰੀ ਕਰਨ ਦੇ ਤਹਿਤ ਐਮਓਯੂ ਵਿਚ ਪ੍ਰਵੇਸ਼ ਕਰੇਗਾ।
ii. ਰਾਜਾਂ/ ਯੂਟੀ ਵਿਚ ਮੌਜੂਦ ਸਾਧਨਾਂ ਨੂੰ ਸੀਐਸਸੀ- ਐਸਪੀਵੀ ਦੇ ਨਾਲ ਸ਼ੇਅਰ ਕਰਨਾ
iii. ਵੱਖ ਵੱਖ ਏਜੇਂਸੀਆਂ ਦੇ ਨਾਲ ਤਾਲਮੇਲ ਬਣਾਉਣਾ, ਗੱਲ ਬਾਤ ਕਰਨਾ ਅਤੇ ਸਹਿਯੋਗ ਦੇਣਾ ਤਾਂ ਜੋ ਯੋਗ ਉਮੀਦਵਾਰਾਂ ਦੀ ਪਹਿਚਾਨ ਹੋ ਸਕੇ ਅਤੇ ਉਹਨਾਂ ਨੂੰ ਸਿਲੈਕਟ ਕੀਤਾ ਜਾ ਸਕੇ
iv. ਵੱਖ ਵੱਖ ਸਰਕਾਰੀ ਏਜੇਂਸੀਆਂ/ਸਟੇਕ ਹੋਲਡਰਾਂ ਦੇ ਨਾਲ ਤਾਲਮੇਲ ਬਣਾਉਣਾ, ਗੱਲ ਬਾਤ ਕਰਨਾ ਅਤੇ ਸਹਿਯੋਗ ਦੇਣਾ ਤਾਂ ਜੋ ਵੱਖ ਵੱਖ ਰਾਜਾਂ/ ਜਿਲ੍ਹਿਆਂ/ ਪੰਚਾਇਤ ਸਤਰ ਦੀਆਂ ਕਮੇਟੀਆਂ ਦਾ ਨਿਰਮਾਣ ਕੀਤਾ ਜਾ ਸਕੇ ਅਤੇ ਸਕੀਮ ਦੀ ਜਾਂਚ ਪੜਤਾਲ ਹੋ ਸਕੇ।
v. ਵੱਖ ਵੱਖ ਸਿਖਲਾਈ ਪ੍ਰਦਾਨ ਕਰਨ ਵਾਲੀ ਏਜੇਂਸੀਆਂ ( ਸੀਐਸਸੀ- ਐਸਪੀਵੀ ਦੇ ਮਸ਼ਵਰੇ ਦੇ ਨਾਲ )ਨੂੰ ਸਿਲੈਕਟ ਕਰਨਾ, ਉਹਨਾਂ ਨਾਲ ਤਾਲਮੇਲ ਬਣਾਉਣਾ ਅਤੇ ਉਹਨਾਂ ਦਾ ਸਹਿਯੋਗ ਕਰਨਾ ਤਾਂ ਜੋ ਪੰਚਾਇਤਾਂ ਵਿਚ ਸਕੀਮ ਨੂੰ ਅਸਲ ਰੂਪ ਵਿਚ ਜਾਰੀ ਕੀਤਾ ਜਾ ਸਕੇ। ਸਭ ਤੋਂ ਕੋਲ ਡਿਜੀਟਲ ਸਾਖਰਤਾ ਪ੍ਰਦਾਨ ਕਰਨ ਵਾਲੇ ਸਿਖਲਾਈ ਕੇਂਦਰਾਂ ਦੇ ਕੋਲ ਯੋਗ ਉਮੀਦਵਾਰਾਂ ਦੀ ਗਤੀਸ਼ੀਲਤਾ।

(iii) ਜਿਲ੍ਹੇ ਦੇ ਮੈਜਿਸਟ੍ਰੇਟ/ਕੁਲੈਕਟਰ ਦੇ ਅਧੀਨ **ਜਿਲ੍ਹੇ ਸਤਰ ਦੀ ਕਮੇਟੀ** ਬਲਾਕ ਸਤਰ ਦੀ ਤਾਮੀਲ ਨੂੰ ਦੇਖਣ/ਨਿਗਰਾਨੀ ਰੱਖਣ ਦੇ ਲਈ ਬਣਾਈ ਜਾਂਦੀ ਹੈ। ਕਮੇਟੀ ਦੀ ਬਨਾਵਟ ਅਤੇ ਰੈਫਰੈਂਸ ਦੀਆਂ ਸ਼ਰਤਾਂ **ਅਨੁਬੰਧ-II ਦੇ ਪੈਰਾਂ** II ਵਿਚ ਮੌਜੂਦ ਹਨ।

### 9.13.4 ਏਜੇਂਸੀਆਂ ਨੂੰ ਪ੍ਰਮਾਣਿਤ ਕਰਨਾ ਜਿਵੇਂ ਕਿ ਐਨਆਈਈਐਲਆਈਟੀ, ਐਨਆਈਓਐਸ, ਐਚਕੇਸੀਐਲ, ਆਈਸੀਟੀਏਸੀਟੀ, ਐਨਆਈਈਐਸਬੀਯੂਡੀ ਆਦਿ:

i. ਸੀਐਸੀ-ਐਸਪੀਵੀ ਦੇ ਮਸ਼ਵਰੇ ਦੇ ਨਾਲ ਡਿਜੀਟਲ ਸਾਖਰਤਾ ਸਿਖਲਾਈ ਦੇ ਲਈ ਡਿਜ਼ਾਈਨ, ਵਿਕਾਸ, ਡਿਲਿਵਰੀ, ਮੁਲਾਂਕਣ ਅਤੇ ਸਰਟੀਫਿਕੇਸ਼ਨ ਦੇ ਲਈ ਇਕ ਵਿਧੀ, ਆਦਰਸ਼ ਨਿਯਮ ਅਤੇ ਦਿਸ਼ਾ ਨਿਰਦੇਸ਼ਾਂ ਦਾ ਨਿਰਮਾਣ ਕਰਨਾ।
ii. ਡਿਜੀਟਲ ਸਾਖਰਤਾ ਦੇ ਤਹਿਤ ਲਾਭਪਾਤਰੀ ਦੁਆਰਾ ਪ੍ਰਪਤ ਕੀਤੀ ਗਈ ਸਮਰੱਥਾ ਦਾ ਮੁਲਾਂਕਣ ਕਰਨਾ ਅਤੇ ਉਸਨੂੰ ਪ੍ਰਮਾਣਿਤ ਕਰਨਾ।

**9.13.5** ਸਕੀਮ ਨੂੰ ਲਾਗੂ ਕਰਨ ਦੇ ਤਹਿਤ ਉਹਨਾਂ ਦੇ ਬੁਨਿਆਦੀ ਢਾਂਚੇ ਨੂੰ ਸਿਖਲਾਈ ਅਤੇ ਸਰਗਰਮ ਭਾਗੀਦਾਰੀ ਦੇ ਵਿਚ ਇਸਤੇਮਾਲ ਕਰਨ ਦੇ ਲਈ ਸੀਐਸਸੀ-ਐਸਪੀਵੀ ਸਰਕਾਰ/ਨਿਜੀ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੀ ਸ਼ਮੂਲੀਅਤ ਦੀ ਪੜਚੋਲ ਕਰੇਗੀ।

## 10.0 ਡਿਜੀਟਲ ਸਾਖਰਤਾ ਸਿਖਲਾਈ ਅਤੇ ਕੋਰਸ ਦਾ ਅੰਤਰਾਲ:

### 10.1 ਵਿਸਤ੍ਰਿਤ ਜਾਣਕਾਰੀ ਦੀ ਰੂਪਰੇਖਾ:

| **ਭਾਗ ਦਾ ਨਾਮ** |
|---|
| ਡਿਜੀਟਲ ਡਿਵਾਈਸ ਦਾ ਪਰਿਚੈ |
| ਡਿਜੀਟਲ ਡਿਵਾਈਸ ਨੂੰ ਆਪਰੇਟ ਕਰਨਾ |
| ਇੰਟਰਨੇਟ ਦਾ ਪਰਿਚੈ |
| ਇੰਟਰਨੇਟ ਦਾ ਇਸਤੇਮਾਲ ਕਰਕੇ ਸੰਚਾਰ ਕਰਨਾ |
| ਇੰਟਰਨੇਟ ਦੀਆਂ ਐਪਲੀਕੇਸ਼ਨਾਂ<br>(ਨਾਗਰਿਕ-ਕੇਂਦਰੀ ਸੇਵਾਵਾਂ; ਬਿਨਾ ਕੈਸ਼ ਤੋਂ ਲੈਣ ਦੇਣ ਕਰਨ ਦੇ ਲਈ ਡਿਜੀਟਲ ਆਰਥਿਕ ਟੂਲਾਂ ਦਾ ਇਸਤੇਮਾਲ ਕਰਨਾ ਸ਼ਾਮਲ ਹੈ) |
| **ਕੁੱਲ ਅੰਤਰਾਲ : 20 ਘੰਟੇ** |

**10.2 ਨਤੀਜਿਆਂ ਨੂੰ ਯਾਦ ਕਰਨਾ/ ਯੋਗਤਾ ਦੀ ਮਿਆਰ:**

- ਡਿਜੀਟਲ ਜੰਤਰਾਂ ਦੀ ਬੁਨਿਆਦ ਨੂੰ ਸਮਝੋ(ਸ਼ਬਦਾਵਲੀ, ਨੈਵੀਗੇਸ਼ਨ ਅਤੇ ਕਾਰਜਕੁਸ਼ਲਤਾ)
- ਜਾਣਕਾਰੀ ਤਕ ਪਹੁੰਚ ਪ੍ਰਾਪਤ ਕਰਨ ਦੇ ਲਈ, ਨਿਰਮਾਣ ਕਰਨ ਦੇ ਲਈ, ਪ੍ਰਬੰਧ ਕਰਨ ਦੇ ਲਈ ਅਤੇ ਸ਼ੇਅਰ ਕਰਨ ਦੇ ਲਈ ਡਿਜੀਟਲ ਜੰਤਰਾਂ ਦਾ ਇਸਤੇਮਾਲ ਕਰੋ
- ਕੁਸ਼ਲ ਅਤੇ ਜ਼ਿੰਮੇਵਾਰ ਤਰੀਕੇ ਦੇ ਨਾਲ ਬ੍ਰਾਊਜ਼ ਕਰਨ ਦੇ ਲਈ ਇੰਟਰਨੇਟ ਦਾ ਇਸਤੇਮਾਲ ਕਰੋ
- ਕੁਸ਼ਲ ਰੂਪ ਦੇ ਨਾਲ ਸੰਚਾਰ ਕਰਨ ਦੇ ਲਈ ਤਕਨੀਕ ਦਾ ਇਸਤੇਮਾਲ ਕਰੋ
- ਬਿਨਾ ਕੈਸ਼ ਤੋਂ ਲੈਣ ਦੇਣ ਕਰਨ ਦੇ ਲਈ ਡਿਜੀਟਲ ਆਰਥਿਕ ਟੂਲਾਂ ਦਾ ਇਸਤੇਮਾਲ ਕਰੋ (ਯੂਐਸਐਸਡੀ / ਯੂਪੀਆਈ / ਈਵਾਲਟ/ ਏਈਪੀਐਸ / ਕਾਰਡ/ ਪੀਓਐਸ )
- ਡਿਜੀਟਲ ਲਾਕਰ ਦਾ ਇਸਤੇਮਾਲ ਕਰੋ
- ਔਨ ਲਾਈਨ ਨਾਗਰਿਕ ਕੇਂਦਰੀ ਸੇਵਾਵਾਂ ਦਾ ਇਸਤੇਮਾਲ ਕਰੋ
- ਰੋਜ਼ ਦੇ ਜੀਵਨ ਵਿਚ, ਸਮਾਜਿਕ ਜੀਵਨ ਅਤੇ ਕੰਮ ਦੀ ਥਾਂ ਤੇ ਡਿਜੀਟਲ ਤਕਨੀਕ ਦੀ ਭੂਮਿਕਾ ਦੀ ਕਦਰ ਕਰੋ

10.3 ਜਾਣਕਾਰੀ ਦਾ ਨਿਰਮਾਣ/ ਸੋਧ/ ਪ੍ਰਬੰਧ/ਸੁਮੇਲ- ਬੈਂਕ ਦੀ ਜਾਣਕਾਰੀ ਦਾ ਨਿਰਮਾਣ ਆਦਿ ਵੱਖ ਵੱਖ ਸਟੇਕਹੋਲਡਰਾਂ ਦੇ ਨਾਲ ਨਿਮਨਲਿਖਿਤ ਦੇ ਹਿਸਾਬ ਨਾਲ ਸੀਐਸਸੀ - ਐਸਪੀਵੀ ਦੁਆਰਾ ਕੀਤਾ ਜਾਵੇਗਾ:

i. ਡਿਜੀਟਲ ਸਾਖਰਤਾ ਸਿਖਲਾਈ ਦੇ ਉਦੇਸ਼ ਦੇ ਲਈ ਵਿਕਸਿਤ ਜਾਣਕਾਰੀ ਅੰਗਰੇਜ਼ੀ ਤੋਂ ਇਲਾਵਾ ਭਾਰਤ ਦੀਆਂ 22 ਅਨੁਸੂਚਿਤ ਭਾਸ਼ਾਵਾਂ ਵਿਚ ਮੌਜੂਦ ਹੋਵੇਗੀ। ਇੱਕ ਮੋਬਾਈਲ ਐਪ 22 ਅਨੁਸੂਚਿਤ ਭਾਸ਼ਾਵਾਂ ਵਿਚ ਬਣਾਈ ਜਾਵੇਗੀ ਤਾਂ ਜੋ ਸਿਖਲਾਈ ਦੀ ਜਾਣਕਾਰੀ ਨੂੰ ਡਾਊਨਲੋਡ ਕੀਤਾ ਜਾ ਸਕੇ ਅਤੇ ਜਦੋਂ ਵੀ ਲੋੜ ਪਾਵੇ ਉਸ ਦਾ ਦੁਬਾਰਾ ਤੋਂ ਇਸਤੇਮਾਲ ਕੀਤਾ ਜਾ ਸਕੇ।

ii. ਉਹ ਲੋਕ ਜੋ ਆਡੀਓ, ਵਿਜ਼ੂਅਲ/ ਛੂ ਕੇ ਆਦਿ ਤੇ ਅਧਾਰਿਤ ਜਾਣਕਾਰੀ ਨੂੰ ਪੜ੍ਹ ਲਿਖ ਨਹੀਂ ਸਕਦੇ, ਉਹਨਾਂ ਦਾ ਵਿਕਾਸ ਕੀਤਾ ਜਾਵੇਗਾ। ਉਹ ਲੋਕ ਜੋ ਲਿਖਿਆ ਹੋਇਆ, ਵਿਧੀਵਤ, ਆਡੀਓ, ਵੀਡੀਓ ਅਤੇ ਐਪਲੀਕੇਸ਼ਨਾਂ ਤੇ ਅਧਾਰਿਤ ਜਾਣਕਾਰੀ ਨੂੰ ਪੜ੍ਹ ਲਿਖ ਸਕਦੇ ਹਨ ਮੌਜੂਦ ਹੋਣਗੇ। ਸਥਾਨਕ/ ਅਨੁਵਾਦ ਸਾਧਨਾਂ ਏ ਇਸਤੇਮਾਲ ਦੇ ਨਾਲ ਨਿਸ਼ਾਨੇ ਤੇ ਹੋਣ ਵਾਲੇ ਲਾਭਪਾਤਰੀਆਂ ਨੂੰ ਡਿਜ਼ਾਈਨ ਕਰਨ ਦੇ ਲਈ ਕੋਸ਼ਿਸ਼ਾਂ ਕੀਤੀਆਂ ਜਾਣਗੀਆਂ।

iii. ਥੱਲੇ ਸੂਚਿਤ ਕੀਤੀਆਂ ਗਈਆਂ ਉੱਚ ਨਾਗਰਿਕ ਕੇਂਦਰੀ ਸਕੀਮਾਂ ਪਾਠਕ੍ਰਮ ਦੇ ਵਿਚ ਸ਼ਾਮਲ ਹਨ:
   - ਜੀ2ਸੀ ਸੇਵਾਵਾਂ- ਜਾਤੀ ਦਾ ਸਰਟੀਫਿਕੇਟ, ਨਿਵਾਸ ਸਰਟੀਫਿਕੇਟ, ਆਮਦਨੀ ਦਾ ਸਰਟੀਫਿਕੇਟ
   - ਯੂਆਈਡੀਏਆਈ ਸੇਵਾਵਾਂ
   - ਬੈਂਕਿੰਗ ਸੇਵਾਵਾਂ
   - ਆਈਆਰਸੀਟੀਸੀ - ਰੇਲਵੇ ਰਿਜ਼ਰਵੇਸ਼ਨ
   - ਬੀਮਾ
   - ਟੈਲੀਫੋਨ/ ਡੇਟਾ ਕਾਰਡ ਰਿਚਾਰਜ
   - ਇਲੈਕਸ਼ਨ ਆਈ ਡੀ ਪ੍ਰਿੰਟਿੰਗ
   - ਬਿਜਲੀ ਬਿੱਲ ਦਾ ਭੁਗਤਾਨ
   - ਪੈਨ ਕਾਰਡ
   - ਪਾਸਪੋਰਟ

iv. ਕਿਉਂਕਿ ਸਰਕਾਰ ਦਾ ਜ਼ੋਰ ਮੋਬਾਈਲ ਫੋਨਾਂ ਦੁਆਰਾ ਬਿਨਾ ਕੈਸ਼ ਤੋਂ ਲੈਣ ਦੇਣ ਕਰਨ ਤੇ ਹੈ, ਇਸ ਲਈ ਕੋਰਸ ਦੀ ਜਾਣਕਾਰੀ ਵੀ ਡਿਜੀਟਲ ਵਾਲਟਾਂ, ਮੋਬਾਈਲ ਬੈਂਕਿੰਗ, ਯੂਨੀਫਾਈਡ ਭੁਗਤਾਨ ਇੰਟਰਫੇਸ ( ਯੂਪੀਆਈ), ਅਨਿਯਮਿਤ ਪੂਰਕ ਸੇਵਾ ਡੇਟਾ ( ਯੂਐਸਐਸਡੀ ) ਅਤੇ ਅਧਾਰ ਦੁਆਰਾ ਜਾਰੀ ਕੀਤੇ ਗਏ ਭੁਗਤਾਨ ਦੇ ਸਿਸਟਮ (ਏਈਪੀਐਸ), ਪੀਓਐਸ ਆਦਿ ਤੇ ਜ਼ੋਰ ਦਵੇਗੀ।

v. ਜਾਣਕਾਰੀ ਦੇ ਸੋਧ ਲਈ ਲਾਭਪਾਤਰੀਆਂ ਅਤੇ ਸਿਖਲਾਈ ਪ੍ਰਦਾਨ ਕਰਨ ਵਾਲਿਆਂ ਦੁਆਰਾ ਲਾਭਪਾਤਰੀਆਂ ਦੀ ਜ਼ਰੂਰਤਾਂ ਦੇ ਹਿਸਾਬ ਨਾਲ ਜਾਣਕਾਰੀ ਨੂੰ ਬਦਲਣ ਦੇ ਲਈ ਸਹੀ ਫੀਡਬੈਕ ਲਿੱਤਾ ਜਾਵੇਗਾ।

vi. ਵੱਖ ਵੱਖ ਐਪਲੀਕੇਸ਼ਨਾਂ ਜਿਵੇਂ ਕਿ ਇੰਟਰਨੇਟ ਬ੍ਰਾਊਜ਼ਰ ਨੂੰ ਖੋਲ੍ਹਣਾ, ਜਾਣਕਾਰੀ ਨੂੰ ਬਰੌਜ਼ ਕਰਨਾ, ਜਾਣਕਾਰੀ ਦੀ ਖੋਜ ਕਰਨਾ, ਆਡੀਓ ਅਤੇ ਵੀਡੀਓ ਨੂੰ ਦੇਖਣਾ ਅਤੇ ਸੁਣਨਾ ਆਦਿ ਦੁਆਰਾ ਨੈਵੀਗੇਟ ਕਰਨ ਦੇ ਲਈ ਜ਼ੋਰ ਡਿਜੀਟਲ ਸੰਪਰਕ ਵਾਲੇ ਜੰਤਰਾਂ ( ਕੰਪਿਊਟਰ, ਟੈਬਲੇਟ ਆਦਿ) ਤੇ ਦਿੱਤਾ ਜਾਵੇਗਾ।

vii. ਇਸ ਖੇਤਰ ਵਿਚ ਵੱਖ ਵੱਖ ਏਜੰਸੀਆਂ ਦੁਆਰਾ ਵਿਕਸਿਤ ਬਾਕੀ ਡਿਜੀਟਲ ਸਾਖਰਤਾ ਕੋਰਸਾਂ ਨੂੰ ਵੀ ਡਿਜੀਟਲ ਸਾਖਰਤਾ ਸਿਖਲਾਈ ਦੇਣ ਲਈ ਧਿਆਨ ਵਿਚ ਲਿੱਤਾ ਜਾਵੇਗਾ।

viii. ਸੀਐਸਸੀ - ਐਸਪੀਵੀ ਦੁਆਰਾ ਬਣਾਈ ਗਈ ਇਕ ਤਕਨੀਕੀ ਕਮੇਟੀ ਵਿਚ ਐਨਆਈਈਐਲਆਈਟੀ, ਆਈਜੀਐਨਓਯੂ, ਐਨਆਈਓਐਸ, ਯੂਐਨਈਐਸਸੀਓ, ਡੀਈਐਫ, ਬਦਲਾਵ ਲਈ ਆਈਟੀ, ਆਈਆਈਐਮਸੀ, ਆਈਐਨਟੀਈਐਲ, ਐਨਏਐਸਐਸਸੀਓਐਮ, ਐਨਆਈਆਈਟੀ , ਪੀਐਮਜੀਡੀਆਈਐਸਐਚਏ ਦੇ ਭਾਗੀਦਾਰ ਆਦਿ ਦੁਆਰਾ ਲਿੱਤੇ ਗਏ ਸਦਸ ਸ਼ਾਮਲ

ਹਨ ਜੋ ਜਾਣਕਾਰੀ ਨੂੰ ਲੈਣਗੇ। ਇੱਕ ਬਹੁਭਾਸ਼ੀ ਕੇਂਦਰੀ ਜਾਣਕਾਰੀ ਦਾ ਪੂਲ ਖਾਸ ਤੌਰ ਤੇ ਪੌਢ਼ ਸਮਾਜ ਦੇ ਨਾਲ ਸੰਬੰਧਿਤ ਦਾ ਨਿਰਮਾਣ ਸੀਐਸਸੀ – ਐਸਪੀਵੀ ਦੁਆਰਾ ਕੀਤਾ ਜਾਵੇਗਾ।

**11.0 ਆਰਥਿਕ ਸਹਾਇਤਾ:**

**11.1 ਸਿਖਲਾਈ ਦੀ ਫੀਸ:** ਸੀਐਸਸੀ – ਐਸਪੀਵੀ ਦੁਆਰਾ ਉਹਨਾਂ ਵੱਲੋ ਸਿਖਾਏ ਗਏ ਉਮੀਦਵਾਰਾਂ ਦੀ ਸਫਲ ਸਰਟੀਫ਼ਿਕੇਸ਼ਨ ਹੋਣ ਤੇ ਪ੍ਰਤੀ ਉਮੀਦਵਾਰ 300/- ਰੁਪਏ ਦੀ ਸਿਖਲਾਈ ਦੀ ਫੀਸ ਸਿੱਧਾ ਅਨੁਸਾਰੀ ਸਿਖਲਾਈ ਦੇਣ ਵਾਲੇ ਭਾਗੀਦਾਰਾਂ/ ਕੇਂਦਰਾਂ ਨੂੰ ਦਿੱਤੀ ਜਾਵੇਗੀ।

ਉੱਪਰ ਦਸੀਆਂ ਗਈਆਂ ਏਜੰਸੀਆਂ ਨੂੰ ਪੇਮੈਂਟ ਦਾ ਭੁਗਤਾਨ ਡੀਈਜੀਐਸ ਤੋਂ ਲਿੱਤੇ ਗਏ ਫੀਡਬੈਕ/ਇੰਪੁੱਟ ਨਤੀਜਿਆਂ ਤੇ ਨਿਰਧਾਰਿਤ ਹੋਵੇਗਾ। ਇਸ ਵਿਚ ਆਪਣਾ ਈ ਮੇਲ ਅਕਾਊਂਟ ਬਣਾਉਣਾ, ਇਕ ਈ ਮੇਲ ਭੇਜਣਾ, ਡਿਜੀਟਲ ਲਾਕਰ ਨੂੰ ਖੋਲ੍ਹਣਾ, ਈ ਰੇਲ ਟਿਕੇਟ ਨੂੰ ਬੁੱਕ ਕਰਨਾ, ਬਿਜਲੀ/ ਪਾਣੀ ਦੇ ਬਿੱਲਾਂ ਦਾ ਈ ਭੁਗਤਾਨ ਕਰਨਾ, ਪਾਸਪੋਰਟ ਨੂੰ ਔਨ ਲਾਈਨ ਲਾਗੂ ਕਰਨਾ, ਡਿਜੀਟਲ ਭੁਗਤਾਨ ਕਰਨਾ ਜਾਂ ਸਿਖਿਆਰਥੀ ਦੁਆਰਾ ਈ ਕੇਵਾਏਸੀ ਅਨੁਸਰਨ ਲਾਗੂ ਕਰਨਾ, ਜੀ2ਸੀ ਸੇਵਾਵਾਂ ਦੀ ਪਹੁੰਚ ਪ੍ਰਾਪਤ ਕਰਨਾ ਜਿਵੇਂ ਕੀ ਪੈਨ ਕਾਰਡ, ਮੋਬਾਈਲ ਰੀਚਾਰਜ, ਆਏਈਪੀਐਸ/ ਯੂਐਸਐਸਡੀ/ ਯੂਪੀਆਈ/ ਈ ਵਾਲਟ ਆਦਿ ਦੇ ਲਈ ਲਾਗੂ ਕਰਨਾ ਸ਼ਾਮਲ ਹੋ ਸਕਦੇ ਹਨ।.

**11.2 ਪ੍ਰੀਖਿਆ ਦੀ ਫੀਸ/ ਸਰਟੀਫ਼ਿਕੇਸ਼ਨ ਦਾ ਖਰਚਾ:** ਪ੍ਰਤੀ ਉਮੀਦਵਾਰ ਪ੍ਰੀਖਿਆ ਦੀ ਫੀਸ 70 ਰੁਪਏ ਹੈ। ਇਹ ਫੀਸ ਦਾ ਭੁਗਤਾਨ ਉਮੀਦਵਾਰਾਂ ਦੇ ਨਿਰਧਾਰਣ ਅਤੇ ਸਰਟੀਫ਼ਿਕੇਸ਼ਨ ਦੇ ਲਈ ਸਿੱਧਾ ਵਿਧੀਵੱਧ ਰਜਿਸਟਰ ਕੀਤੀ ਗਈ ਪਰਿਮਣਤ ਏਜੰਸੀ ਨੂੰ ਕੀਤਾ ਜਾਵੇਗਾ।

**11.3 ਰਾਜ/ ਯੂਟੀ ਨੂੰ ਆਰਥਿਕ ਸਹਾਇਤਾ:** ਰਾਜ ਨੂੰ ਲਾਗੂ ਕਰਨ ਵਾਲੀਆਂ ਏਜੰਸੀਆਂ ਔਸਤ ਰੂਪ ਵਿਚ ਪ੍ਰਤੀ ਉਮੀਦਵਾਰ 2 ਰੁਪਏ ਤੇ ਸੀਐਸਸੀ – ਐਸਪੀਵੀ ਦੁਆਰਾ ਉਤਲੇ ਖਰਚਿਆਂ ਅਤੇ ਸਕੀਮ ਤੇ ਨਿਗਰਾਨੀ ਕਰਨ ਦੇ ਲਈ ਆਰਥਿਕ ਸਹਾਇਤਾ ਦੇ ਲਈ ਯੋਗ ਹਨ।

**12. ਅਸਰਦਾਰ ਮੁਲਾਂਕਣ ਅਧਿਐਨ:** ਅਸਰਦਾਰ ਮੁਲਾਂਕਣ ਅਧਿਐਨ ਆਜ਼ਾਦ ਤੀਸਰੀ ਪਾਰਟੀ ਦੁਆਰਾ ਜਾਰੀ ਕੀਤਾ ਜਾਵੇਗਾ। ਇਲੈਕਟ੍ਰੋਨਿਕਸ ਅਤੇ ਜਾਣਕਾਰੀ ਸੰਬੰਧਿਤ ਤਕਨੀਕਾਂ ਦਾ ਮੰਤਰਾਲਾ ਯੋਗ ਸੰਸਥਾਵਾਂ/ਸੰਗਠਨਾਂ ਨੂੰ ਅਧਿਐਨ ਨੂੰ ਕਰਨ ਦੇ ਲਈ ਜਾਰੀ ਕਰੇਗਾ।

**13. ਸਕੀਮ ਦੀ ਸਮਾਜਿਕ ਆਡਿਟਿੰਗ** ਸੀਐਸਸੀ- ਐਸਪੀਵੀ ਦੁਆਰਾ ਅਨੁਸਾਰੀ ਰਾਜਾਂ/ ਜਿਲ੍ਹਿਆਂ/
ਉਪ ਜਿਲ੍ਹਿਆਂ (ਬਲਾਕਾਂ)/ਗ੍ਰਾਮ ਪੰਚਾਇਤ ਵਿਖੇ ਸਕੂਲਾਂ ਦੇ ਪ੍ਰਿੰਸੀਪਲਾਂ ਅਤੇ ਅਕਦੇਮੀਆ ਨੂੰ ਸ਼ਾਮਲ ਕਰਕੇ ਕੀਤੀ ਜਾਵੇਗੀ।
ਮੁਕੱਰਰ ਅਧਾਰ ਤੇ ਸੀਐਸਸੀ – ਐਸਪੀਵੀ ਯੂਨੀਵਰਸਿਟੀਆਂ/ਕਾਲਜਾਂ ਦੇ ਨਾਲ ਟਾਈ ਅਪ ਦਾ ਪੜਚੋਲ ਕਰੇਗਾ ਤਾਂ ਜੋ ਸਕੀਮ ਦੇ ਸਮਾਜਿਕ ਅਤੇ ਨਤੀਜੇ ਦੇ ਨਾਲ ਸੰਬੰਧੀ ਮੁਲਾਂਕਣ ਕੀਤਾ ਜਾ ਸਕੇ

**14.** ਸਕੀਮ ਦੇ ਅਧੀਨ ਕਵਰ ਕੀਤੇ ਗਏ ਕੁੱਲ 6 ਕਰੋੜ ਲਾਭਪਾਤਰੀਆਂ ਦੇ ਵੇਰਵੇ ਨੂੰ ਐਮ/ ਓ ਕੌਸ਼ਲ ਵਿਕਾਸ ਅਤੇ ਉਦਯੋਗ ਉਪਕ੍ਰਮ, ਰਾਜ ਕੌਸ਼ਲ ਵਿਕਾਸ ਮਿਸ਼ਨ, ਸੈਕਟਰ ਸਕਿਲ ਕੌਂਸਲ ਦੇ ਨਾਲ ਸਹੀ ਤਬਦੀਲੀ ਅਤੇ ਉਹਨਾਂ ਦੁਆਰਾ ਲਾਗੂ ਕੀਤੀਆਂ ਗਈਆਂ ਬਾਕੀ ਕੌਸ਼ਲ ਵਿਕਾਸ ਸਕੀਮਾਂ ਦੇ ਨਾਲ ਫਾਰਵਰਡ ਲਿੰਕੇਜ ਦੇ ਲਈ ਸ਼ੇਅਰ ਕੀਤੇ ਜਾਣਗੇ ਤਾਂ ਜੋ ਦੇਸ਼ ਦੇ ਕੌਸ਼ਲ/ਰੁਜ਼ਗਾਰ ਪਾਰਿਸਥਿਤੀਕੀ ਨੂੰ ਮਜਬੂਤ ਕੀਤਾ ਜਾ ਸਕੇ।

**ਅਨੁਬੰਧ-I**

## ਡਿਜੀਟਲ ਸਾਖਰਤਾ ਦੇ ਲਈ ਸੂਚਕ ਰਾਜ/ਯੂਟੀ ਦੇ ਹਿਸਾਬ ਨਾਲ ਟੀਚੇ

| ਸੀਰੀਅਲ ਨੰਬਰ | ਰਾਜ/ਯੂਟੀ | ਟੀਚਾ |
|---|---|---|
| 1 | ਉੱਤਰ ਪ੍ਰਦੇਸ਼ | 11171000 |
| 2 | ਬਿਹਾਰ | 6630000 |
| 3 | ਪੱਛਮੀ ਬੰਗਾਲ | 4481000 |
| 4 | ਮਹਾਰਾਸ਼ਟਰ | 4433000 |
| 5 | ਮੱਧ ਪ੍ਰਦੇਸ਼ | 3784000 |
| 6 | ਰਾਜਿਸਥਾਨ | 3712000 |
| 7 | ਕਰਨਾਟਕ | 2705000 |
| 8 | ਤਮਿਲ ਨਾਡੂ | 2679000 |
| 9 | ਉੜੀਸਾ | 2517000 |
| 10 | ਗੁਜਰਾਤ | 2497000 |

| | | |
|---|---|---|
| 11 | ਆਂਧਰਾ ਪ੍ਰਦੇਸ਼ | 2028000 |
| 12 | ਤੇਲੰਗਾਨਾ | 2028000 |
| 13 | ਅਸਾਮ | 1929000 |
| 14 | ਝਾਰਖੰਡ | 1803000 |
| 15 | ਛੱਤੀਸਗੜ੍ਹ | 1412000 |
| 16 | ਕੇਰਲ | 1257000 |
| 17 | ਪੰਜਾਬ | 1247000 |
| 18 | ਹਰਿਆਣਾ | 1191000 |
| 19 | ਜੰਮੂ ਅਤੇ ਕਸ਼ਮੀਰ | 658000 |
| 20 | ਉੱਤਰਾਖੰਡ | 506000 |
| 21 | ਹਿਮਾਚਲ ਪ੍ਰਦੇਸ਼ | 444000 |
| 22 | ਤ੍ਰਿਪੁਰਾ | 195000 |
| 23 | ਮੇਘਾਲਿਆ | 171000 |
| 24 | ਮਨੀਪੁਰ | 137000 |
| 25 | ਨਾਗਾਲੈਂਡ | 101000 |
| 26 | ਅਰੁਣਾਚਲ ਪ੍ਰਦੇਸ਼ | 77000 |
| 27 | ਗੋਆ | 40000 |
| 28 | ਮਿਜ਼ੋਰਮ | 38000 |
| 29 | ਸਿੱਕਮ | 33000 |
| 30 | ਦਿੱਲੀ ਦੀ ਐਨਸੀਟੀ | 30000 |
| 31 | ਪੁਡੂਚੇਰੀ | 28000 |
| 32 | ਅੰਡੇਮਾਨ ਅਤੇ ਨਿਕੋਬਾਰ ਟਾਪੂ | 18000 |
| 33 | ਦਾਦਰਾ ਅਤੇ ਨਗਰ ਹਵੇਲੀ | 13000 |
| 34 | ਦਮਨ ਅਤੇ ਦੀਓ | 4000 |
| 35 | ਚੰਡੀਗੜ੍ਹ | 2000 |
| 36 | ਲਕਸ਼ਦਵੀਪ | 1000 |
| | **ਕੁੱਲ** | **60000000** |

**ਨੋਟ: ਕਾਰਗੁਜ਼ਾਰੀ ਦੇ ਹਿਸਾਬ ਨਾਲ ਰਾਜ/ਯੂਟੀ ਦੇ ਟੀਚੇ ਵੱਖ ਵੱਖ ਹੋ ਸਕਦੇ ਹਨ।**

ਸ਼ਹਿਰੀ ਗੁੱਛਮ ਸੰਕਲਨ ਦੇ ਅਧੀਨ ਕਵਰ ਕੀਤੇ ਗਏ ਸ਼ਹਿਰ ਸਕੀਮ ਵਿਚੋਂ ਵੱਖ ਕੀਤੇ ਜਾਣਗੇ (ਸੂਚੀ ਸ਼ਾਮਲ)

## ਸਕੀਮ ਦੇ ਹੇਠਾਂ ਕਵਰ ਨਾ ਹੋਣ ਵਾਲੇ ਸ਼ਹਿਰਾਂ ਦੀ ਸੂਚੀ

| ਸੀਰੀਅਲ ਨੰਬਰ | ਰਾਜ ਦਾ ਨਾਮ | ਸ਼ਹਿਰ ਦਾ ਨਾਮ | ਸ਼ਹਿਰ ਦੀ ਅਬਾਦੀ (2011 ਦੀ ਭਾਰਤ ਦੀ ਗਣਨਾ ਦੇ ਮੁਤਾਬਕ) |
|---|---|---|---|
| 1 | ਮਹਾਰਾਸ਼ਟਰ | ਵੱਡੀ ਮੁੰਬਈ ( ਨਗਰ ਨਿਗਮ) | 1,24,78,447 |
| 2 | ਦਿੱਲੀ ਦੀ ਐਨਸੀਟੀ | ਡੀਐਮਸੀ (ਯੂ) ( ਨਗਰ ਨਿਗਮ) | 1,10,07,835 |
| 3 | ਕਰਨਾਟਕ | ਬਰੂਹਟ ਬੰਗਲੌਰ ਮਹਾਨਗਰ ਪਾਲੀਕੇ (ਬੀ ਬੀ ਐਮ ਪੀ)( ਨਗਰ ਨਿਗਮ) | 84,25,970 |
| 4 | ਆਂਧਰਾ ਪ੍ਰਦੇਸ਼ | ਵੱਡਾ ਹੈਦਰਾਬਾਦ ( ਨਗਰ ਨਿਗਮ) | 68,09,970 |
| 5 | ਗੁਜਰਾਤ | ਅਹਿਮਦਾਬਾਦ ( ਨਗਰ ਨਿਗਮ) | 55,70,585 |
| 6 | ਤਮਿਲ ਨਾਡੂ | ਚੇਨਈ ( ਨਗਰ ਨਿਗਮ) | 46,81,087 |

| | | | |
|---|---|---|---|
| 7 | ਪੱਛਮੀ ਬੰਗਾਲ | ਕਲਕੱਤਾ ( ਨਗਰ ਨਿਗਮ) | 44,86,679 |
| 8 | ਗੁਜਰਾਤ | ਸੂਰਤ ( ਨਗਰ ਨਿਗਮ) | 44,62,002 |
| 9 | ਮਹਾਰਾਸ਼ਟਰ | ਪੁਣੇ( ਨਗਰ ਨਿਗਮ) | 31,15,431 |
| 10 | ਰਾਜਿਸਥਾਨ | ਜੈਪੁਰ( ਨਗਰ ਨਿਗਮ) | 30,73,350 |
| 11 | ਉੱਤਰ ਪ੍ਰਦੇਸ਼ | ਲਖਨਊ ( ਨਗਰ ਨਿਗਮ) | 28,15,601 |
| 12 | ਉੱਤਰ ਪ੍ਰਦੇਸ਼ | ਕਾਨਪੁਰ ( ਨਗਰ ਨਿਗਮ) | 27,67,031 |
| 13 | ਮਹਾਰਾਸ਼ਟਰ | ਨਾਗਪੁਰ ( ਨਗਰ ਨਿਗਮ) | 24,05,421 |
| 14 | ਮੱਧ ਪ੍ਰਦੇਸ਼ | ਇੰਦੌਰ( ਨਗਰ ਨਿਗਮ) | 19,60,631 |
| 15 | ਮਹਾਰਾਸ਼ਟਰ | ਠਾਣੇ( ਨਗਰ ਨਿਗਮ) | 18,18,872 |
| 16 | ਮੱਧ ਪ੍ਰਦੇਸ਼ | ਭੋਪਾਲ( ਨਗਰ ਨਿਗਮ) | 17,95,648 |
| 17 | ਆਂਧਰਾ ਪ੍ਰਦੇਸ਼ | ਵੱਡਾ ਵਿਸ਼ਾਖਾਪਟਨਮ ( ਨਗਰ ਨਿਗਮ)(ਐਮਸੀ) | 17,30,320 |
| 18 | ਮਹਾਰਾਸ਼ਟਰ | ਪਿਮਪਰੀ ਚਿੰਚਵਾੜ( ਨਗਰ ਨਿਗਮ) | 17,29,359 |
| 19 | ਬਿਹਾਰ | ਪਟਨਾ( ਨਗਰ ਨਿਗਮ) | 16,83,200 |
| 20 | ਗੁਜਰਾਤ | ਵਡੋਦਰਾ ( ਨਗਰ ਨਿਗਮ) | 16,66,703 |
| 21 | ਪੰਜਾਬ | ਲੁਧਿਆਣਾ( ਨਗਰ ਨਿਗਮ) | 16,13,878 |
| 22 | ਉੱਤਰ ਪ੍ਰਦੇਸ਼ | ਆਗਰਾ( ਨਗਰ ਨਿਗਮ) | 15,74,542 |
| 23 | ਮਹਾਰਾਸ਼ਟਰ | ਨਾਸ਼ਿਕ( ਨਗਰ ਨਿਗਮ) | 14,86,973 |
| 24 | ਹਰਿਆਣਾ | ਫਰੀਦਾਬਾਦ( ਨਗਰ ਨਿਗਮ) | 14,04,653 |
| 25 | ਉੱਤਰ ਪ੍ਰਦੇਸ਼ | ਮੇਰਠ( ਨਗਰ ਨਿਗਮ) | 13,09,023 |
| 26 | ਗੁਜਰਾਤ | ਰਾਜਕੋਟ( ਨਗਰ ਨਿਗਮ) | 12,86,995 |
| 27 | ਮਹਾਰਾਸ਼ਟਰ | ਕਲਿਆਣ-ਡੋਮਬੀਵਲੀ ( ਨਗਰ ਨਿਗਮ) | 12,46,381 |
| 28 | ਮਹਾਰਾਸ਼ਟਰ | ਵਸਈ ਵਿਰਾਰ ਸ਼ਹਿਰ( ਨਗਰ ਨਿਗਮ) | 12,21,233 |
| 29 | ਉੱਤਰ ਪ੍ਰਦੇਸ਼ | ਵਾਰਾਣਸੀ( ਨਗਰ ਨਿਗਮ) | 12,01,815 |
| 30 | ਜੰਮੂ ਅਤੇ ਕਸ਼ਮੀਰ | ਸ਼੍ਰੀਨਗਰ( ਨਗਰ ਨਿਗਮ) | 11,92,792 |
| 31 | ਮਹਾਰਾਸ਼ਟਰ | ਔਰੰਗਾਬਾਦ( ਨਗਰ ਨਿਗਮ) | 11,71,330 |
| 32 | ਝਾਰਖੰਡ | ਧਨਬਾਦ ( ਨਗਰ ਨਿਗਮ) | 11,61,561 |
| 33 | ਪੰਜਾਬ | ਅਮ੍ਰਿਤਸਰ ( ਨਗਰ ਨਿਗਮ) | 11,32,761 |
| 34 | ਮਹਾਰਾਸ਼ਟਰ | ਨਵੀ ਮੁੰਬਈ ( ਨਗਰ ਨਿਗਮ) | 11,19,477 |
| 35 | ਉੱਤਰ ਪ੍ਰਦੇਸ਼ | ਅਲਾਹਾਬਾਦ( ਨਗਰ ਨਿਗਮ) | 11,17,094 |
| 36 | ਝਾਰਖੰਡ | ਰਾਂਚੀ( ਨਗਰ ਨਿਗਮ) | 10,73,440 |
| 37 | ਪੱਛਮੀ ਬੰਗਾਲ | ਹਾਓਰਾ( ਨਗਰ ਨਿਗਮ) | 10,72,161 |
| 38 | ਤਮਿਲ ਨਾਡੂ | ਕੋਇਮਬਟੋਰ ( ਨਗਰ ਨਿਗਮ) | 10,61,447 |
| 39 | ਮੱਧ ਪ੍ਰਦੇਸ਼ | ਜਬਲਪੁਰ( ਨਗਰ ਨਿਗਮ) | 10,54,336 |
| 40 | ਮੱਧ ਪ੍ਰਦੇਸ਼ | ਗਵਾਲੀਅਰ( ਨਗਰ ਨਿਗਮ) | 10,53,505 |
| 41 | ਆਂਧਰਾ ਪ੍ਰਦੇਸ਼ | ਵਿਜੇਵੜਾ( ਨਗਰ ਨਿਗਮ) | 10,48,240 |
| 42 | ਰਾਜਿਸਥਾਨ | ਜੋਧਪੁਰ( ਨਗਰ ਨਿਗਮ) | 10,33,918 |
| 43 | ਤਮਿਲ ਨਾਡੂ | ਮਦੁਰਾਈ( ਨਗਰ ਨਿਗਮ) | 10,16,885 |
| 44 | ਛੱਤੀਸਗੜ੍ਹ | ਰਾਏਪੁਰ( ਨਗਰ ਨਿਗਮ) | 10,10,087 |
| 45 | ਰਾਜਿਸਥਾਨ | ਕੋਟਾ( ਨਗਰ ਨਿਗਮ) | 10,01,365 |
| 46 | ਅਸਾਮ | ਗੁਵਾਹਾਟੀ( ਨਗਰ ਨਿਗਮ) | 9,63,429 |
| 47 | ਚੰਡੀਗੜ੍ਹ | ਚੰਡੀਗੜ੍ਹ( ਨਗਰ ਨਿਗਮ) | 9,60,787 |
| 48 | ਮਹਾਰਾਸ਼ਟਰ | ਸੋਲਾਪੁਰ( ਨਗਰ ਨਿਗਮ) | 9,51,118 |
| 49 | ਕਰਨਾਟਕ | ਹੁਬਲੀ- ਧਰਵਾੜ *( ਨਗਰ ਨਿਗਮ) | 9,43,857 |
| 50 | ਉੱਤਰ ਪ੍ਰਦੇਸ਼ | ਬਰੇਲੀ ( ਨਗਰ ਨਿਗਮ) | 8,98,167 |

ਅਨੁਬੰਧ -II

**ਰਾਜਾਂ/ ਯੂਟੀ ਦੁਆਰਾ ਪੀਐਮਜੀਡੀਆਈਐਸਐਚਏ ਸਕੀਮ ਦੇ ਅਧੀਨ ਸੈੱਟ ਕਰਨ ਵਾਲੀਆਂ ਕਮੇਟੀਆਂ**

**I. ਰਾਜ ਸਤਰ ਦੀ ਕਮੇਟੀ_ [ਰਾਜ/ ਯੂ ਟੀ ਦੇ ਪ੍ਰਬੰਧਕ ਦੇ ਅਨੁਸਾਰੀ ਪ੍ਰਧਾਨ ਸਕੱਤਰ ਦੁਆਰਾ ਸੈੱਟ ਕੀਤੀ ਜਾਣੀ ਹੈ]**

**ਬਨਾਵਟ**

**ਚੇਅਰਮੈਨ - ਪ੍ਰਿੰਸੀਪਲ ਸਕੱਤਰ (ਆਈ ਟੀ)**

**ਸਦੱਸ:**

1. ਬੁਨਿਆਦੀ ਸਿੱਖਿਆ ਦੇ ਵਿਭਾਗ ਦਾ ਪ੍ਰਤੀਨਿਧੀ
2. ਪੰਚਾਇਤੀ ਰਾਜ ਦਾ ਪ੍ਰਤੀਨਿਧੀ
3. ਸਮਾਜਿਕ ਭਲਾਈ ਦਾ ਪ੍ਰਤੀਨਿਧੀ
4. ਮਹਿਲਾ & ਬੱਚਿਆਂ ਦੇ ਵਿਕਾਸ ਦਾ ਪ੍ਰਤੀਨਿਧੀ
5. ਰਾਜ ਨੂੰ ਲਾਗੂ ਕਰਨ ਵਾਲੀ ਏਜੰਸੀ ( ਐਸਆਈਏ ) ਦਾ ਪ੍ਰਤੀਨਿਧੀ
6. ਰਾਜ ਇਨਫਾਰਮੈਟਿਕਸ ਅਫਸਰ - ਐਸਆਈਓ, ਐਨਆਈਸੀ
7. ਸੀਐਸਸੀ- ਐਸਪੀਵੀ ਦਾ ਪ੍ਰਤੀਨਿਧੀ
8. ਖਾਸ ਸਕੱਤਰ ( ਆਈ ਟੀ/ਸੰਯੁਕਤ ਸਕੱਤਰ (ਆਈ ਟੀ)- ਸਦੱਸ ਸਕੱਤਰ)

- ਕਿਸੇ ਵੀ ਮੀਟਿੰਗ ਵਿਚ ਭਾਗ ਲੈਣ ਦੇ ਲਈ ਖਾਸ ਸੱਦਾ ਦੇਣ ਦੇ ਲਈ ਚੇਅਰਮੈਨ ਦੀ ਮਨਜ਼ੂਰੀ ਨਾਲ, ਕਮੇਟੀ ਨੂੰ ਜਿਸ ਤਰ੍ਹਾਂ ਸਹੀ ਲਗੇਗਾ ਉਸ ਹਿਸਾਬ ਨਾਲ ਉਹ ਦੂਜਿਆਂ ਲੋਕਾਂ ਨੂੰ ਵਿਕਲਪ ਦੇ ਰੂਪ ਵਿਚ ਚੁਣ ਸਕਦੀ ਹੈ ਜਾਂ ਸੱਦਾ ਦੇ ਸਕਦੀ ਹੈ।

**ਰੈਫਰੈਂਸ ਦੀਆਂ ਸ਼ਰਤਾਂ**

- ਕਮੇਟੀ ਦੀਆਂ ਰੈਫਰੈਂਸ ਦੀਆਂ ਸ਼ਰਤਾਂ ਨਿਮਨਲਿਖਿਤ ਹਨ:
  - ਰਾਜ ਵਿਚ ਪੀ ਐਮ ਜੀ ਡੀ ਆਈ ਐਸ ਐਚ ਏ ਸਕੀਮ ਦੀ ਤਾਮੀਲ ਦੀ ਨਿਯਮਿਤ ਰੂਪ ਨਾਲ ਨਿਗਰਾਨੀ ਕਰਨਾ ਅਤੇ ਜਾਂਚ ਪੜਤਾਲ ਕਰਨਾ
  - ਜਿਲ੍ਹੇ/ਬਲਾਕ ਸਤਰ ਤੇ ਲਾਗੂ ਕੀਤੀ ਗਈ ਸਕੀਮ ਦੇ ਵਿਚ ਸ਼ਾਮਲ ਸਿਖਲਾਈ ਕੇਂਦਰਾਂ/ਭਾਗੀਦਾਰਾਂ ਦੁਆਰਾ ਚੁੱਕੇ ਗਏ ਮੁੱਦਿਆਂ/ ਮੁਸ਼ਕਲਾਂ ਤੇ ਕਾਰਵਾਈ ਕਰਨ ਦੀ ਸਿਫਾਰਿਸ਼ ਦੇਣਾ
  - ਜਿਲ੍ਹੇ/ਬਲਾਕ ਸਤਰ ਦੇ ਤਹਿਤ ਲਾਗੂ ਕੀਤੇ ਗਏ ਪ੍ਰੋਜੈਕਟ ਦੇ ਨਾਲ ਸੰਬੰਧਤ ਕੋਈ ਵੀ ਦੂਜਾ ਮੁੱਦਾ
- ਜਿਲ੍ਹੇ ਸਤਰ ਦੀ ਕਮੇਟੀ ਘੱਟੋ ਘੱਟ ਮਹੀਨੇ ਵਿਚ ਇਕ ਵਾਰ ਜ਼ਰੂਰ ਮਿਲਣੀ ਚਾਹੀਦੀ ਹੈ

**II. ਜਿਲ੍ਹਾਂ ਸਤਰ ਕਮੇਟੀ- [ ਅਨੁਸਾਰੀ ਰਾਜ/ ਯੂਟੀ ਦੁਆਰਾ ਸੈੱਟ ਕੀਤੀ ਜਾਵੇਗੀ ]**

**ਬਨਾਵਟ**

**ਚੇਅਰਮੈਨ- ਜਿਲ੍ਹਾ ਮੈਜਿਸਟ੍ਰੇਟ/ਕੁਲੈਕਟਰ**

**ਸਦੱਸ:**

1. ਬੁਨਿਆਦੀ ਸਿੱਖਿਆ ਦੇ ਵਿਭਾਗ ਦਾ ਪ੍ਰਤੀਨਿਧੀ
2. ਮਹਿਲਾ & ਬੱਚਿਆਂ ਦੇ ਵਿਕਾਸ ਦਾ ਪ੍ਰਤੀਨਿਧੀ
3. ਰਾਜ ਨੂੰ ਲਾਗੂ ਕਰਨ ਵਾਲੀ ਏਜੰਸੀ ( ਐਸਆਈਏ )ਦਾ ਪ੍ਰਤੀਨਿਧੀ
4. ਜਿਲ੍ਹਾ ਈ ਪ੍ਰਸ਼ਾਸਨ ਸਮਾਜ ਦਾ ਪ੍ਰਤੀਨਿਧੀ
5. ਜਿਲ੍ਹਾ ਇਨਫਾਰਮੈਟਿਕਸ ਅਫਸਰ ( ਡੀਆਈਓ ) - ਐਨਆਈਸੀ
6. ਬਲਾਕ ਵਿਕਾਸ ਅਫਸਰ
7. ਸੀਈਓ- ਜ਼ਿਲਾ/ ਜਿਲ੍ਹਾ ਪੰਚਾਇਤ
8. ਜਿਲ੍ਹਾ ਸੰਚਾਲਕ, ਸੀਐਸਸੀ- ਐਸਪੀਵੀ - ਸਦੱਸ ਸਕੱਤਰ

- ਕਿਸੇ ਵੀ ਮੀਟਿੰਗ ਵਿਚ ਭਾਗ ਲੈਣ ਦੇ ਲਈ ਖਾਸ ਸੱਦਾ ਦੇਣ ਦੇ ਲਈ ਚੇਅਰਮੈਨ ਦੀ ਮਨਜ਼ੂਰੀ ਨਾਲ, ਕਮੇਟੀ ਨੂੰ ਜਿਸ ਤਰ੍ਹਾਂ ਸਹੀ ਲਗੇਗਾ ਉਸ ਹਿਸਾਬ ਨਾਲ ਉਹ ਦੂਜਿਆਂ ਲੋਕਾਂ ਨੂੰ ਵਿਕਲਪ ਦੇ ਰੂਪ ਵਿਚ ਚੁਣ ਸਕਦੀ ਹੈ ਜਾਂ ਸੱਦਾ ਦੇ ਸਕਦੀ ਹੈ।

**ਰੈਫਰੈਂਸ ਦੀਆਂ ਸ਼ਰਤਾਂ**

- ਕਮੇਟੀ ਦੀਆਂ **ਰੈਫਰੈਂਸ ਦੀਆਂ ਸ਼ਰਤਾਂ** ਨਿਮਨਲਿਖਿਤ ਹਨ:
  - ਜ਼ਮੀਨੀ ਸਤਰ ਤੇ ਲਾਗੂ ਕਰਨ ਲਈ ਨਿਗਰਾਨੀ ਰੱਖਣਾ/ ਜਾਂਚ ਪੜਤਾਲ ਕਰਨਾ
  - ਜਿਲ੍ਹੇ/ਬਲਾਕ ਸਤਰ ਤੇ ਲਾਗੂ ਕੀਤੀ ਗਈ ਸਕੀਮ ਦੇ ਵਿਚ ਸ਼ਾਮਲ ਸਿਖਲਾਈ ਕੇਂਦਰਾਂ/ਭਾਗੀਦਾਰਾਂ ਦੁਆਰਾ ਚੁੱਕੇ ਗਏ ਮੁੱਦਿਆਂ/ ਮੁਸ਼ਕਲਾਂ ਤੇ ਕਾਰਵਾਈ ਕਰਨ ਦੀ ਸਿਫਾਰਿਸ਼ ਦੇਣਾ
  - ਜਿਲ੍ਹੇ/ਬਲਾਕ ਸਤਰ ਦੇ ਤਹਿਤ ਲਾਗੂ ਕੀਤੇ ਗਏ ਪ੍ਰੋਜੈਕਟ ਦੇ ਨਾਲ ਸੰਬੰਧਤ ਕੋਈ ਵੀ ਦੂਜਾ ਮੁੱਦਾ
- ਜਿਲ੍ਹੇ ਸਤਰ ਦੀ ਕਮੇਟੀ ਘੱਟੋ ਘੱਟ ਮਹੀਨੇ ਵਿਚ ਇਕ ਵਾਰ ਜ਼ਰੂਰ ਮਿਲਣੀ ਚਾਹੀਦੀ ਹੈ